Punjab Government Gazette

**EXTRAORDINARY**

***Published by Authority***

CHANDIGARH, WEDNESDAY, AUGUST 27, 2025

(BHADRA 5, 1947 SAKA)

ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਅਕਾਲ ਯੂਨੀਵਰਸਿਟੀ ਐਕਟ, 2015 (2015 ਦਾ ਪੰਜਾਬ ਐਕਟ ਨੰ. 25) | ...371-392 |
| | 2. ਰਿਮਟ ਯੂਨੀਵਰਸਿਟੀ ਐਕਟ, 2015 (2015 ਦਾ ਪੰਜਾਬ ਐਕਟ ਨੰ. 31) | ...393-415 |
| | 3. ਸੀ.ਟੀ. ਯੂਨੀਵਰਸਿਟੀ ਐਕਟ, 2016 (2016 ਦਾ ਪੰਜਾਬ ਐਕਟ ਨੰ. 50) | ...417-439 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 26 ਅਗਸਤ, 2025

ਨੰ: 31/ਭ.ਕ./2025.- ਅਕਾਲ ਯੂਨੀਵਰਸਿਟੀ ਐਕਟ, 2015 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 26th August, 2025

**No. 31/L.C./2025.**- The Translation in Punjabi of the Akal University Act, 2015 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਅਕਾਲ ਯੂਨੀਵਰਸਿਟੀ ਐਕਟ, 2015

## (2015 ਦਾ ਪੰਜਾਬ ਐਕਟ ਨੰ: 25)

ਪੰਜਾਬ ਰਾਜ ਵਿੱਚ ਪੇਸ਼ੇਵਰ, ਡਾਕਟਰੀ, ਤਕਨੀਕੀ, ਆਮ ਸਿੱਖਿਆ, ਭਾਸ਼ਾ ਅਤੇ ਸਾਹਿਤ ਅਤੇ ਇਸ ਨਾਲ ਸਬੰਧਤ ਜਾਂ ਉਸਦੇ ਅਨੁਸੰਗਕ ਮਾਮਲਿਆਂ ਸਮੇਤ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਸਿੱਖਿਆ, ਅਧਿਆਪਨ, ਵਿੱਦਿਆ, ਖੋਜ, ਸਿਖਲਾਈ ਅਤੇ ਸਾਰੇ ਪੱਧਰਾਂ ਦੀਆਂ ਸਬੰਧਤ ਗਤੀਵਿਧੀਆਂ ਦੀ ਵਿਵਸਥਾ ਕਰਨ ਦੇ ਪ੍ਰਯੋਜਨਾਂ ਨਾਲ ਅਕਾਲ ਯੂਨੀਵਰਸਿਟੀ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਯੂਨੀਵਰਸਿਟੀ ਸਥਾਪਤ ਅਤੇ ਨਿਗਮਤ ਕਰਨ ਲਈ ਇੱਕ ਐਕਟ;

ਜਦੋਂ ਕਿ ਸੋਸਾਇਟੀ ਰਜਿਸਟਰੇਸ਼ਨ ਐਕਟ, 1860 (1860 ਦਾ 21) ਅਧੀਨ ਰਜਿਸਟਰਸ਼ੁਦਾ ਕਲਗੀਧਰ ਸੋਸਾਇਟੀ, ਬੜੂ ਸਾਹਿਬ, ਹਿਮਾਚਲ ਪ੍ਰਦੇਸ਼ ਵੱਲੋਂ ਪੰਜਾਬ ਨਿੱਜੀ ਯੂਨੀਵਰਸਿਟੀ ਨੀਤੀ, 2010 ਦੇ ਆਧਾਰ ਤੇ ਪੰਜਾਬ ਰਾਜ ਵਿੱਚ ਸਵੈ-ਵਿੱਤੀ ਪੋਸ਼ਣ ਨਾਲ ਉਚੇਰੀ ਸਿੱਖਿਆ ਦੇ ਸਾਰੇ ਪੱਧਰਾਂ ਤੇ ਸਾਰੇ ਸਮਯੋਗਤਾ ਵਰਗਾਂ ਵਿੱਚ ਵਿਵਸਥਾ ਕਰਨ ਸਬੰਧੀ ਯੂਨੀਵਰਸਿਟੀ ਸਥਾਪਤ ਕਰਨ ਲਈ ਰਾਜ ਸਰਕਾਰ ਨੂੰ ਤਜਵੀਜ਼ ਪੇਸ਼ ਕੀਤੀ ਗਈ ਸੀ;

ਜਦੋਂ ਕਿ ਰਾਜ ਸਰਕਾਰ ਉਕਤ ਦਰਸਾਈ ਗਈ ਟਰੱਸਟ ਦੀ ਤਜਵੀਜ਼ ਨੂੰ ਧਿਆਨ ਨਾਲ ਵਿਚਾਰਦੇ ਹੋਏ ਇਸ ਨਤੀਜੇ ਤੇ ਪਹੁੰਚੀ ਕਿ ਉਕਤ ਸੋਸਾਇਟੀ ਯੂਨੀਵਰਸਿਟੀ ਸਥਾਪਤ ਕਰਨ ਅਤੇ ਉਸ ਨੂੰ ਚਲਾਉਣ ਦੇ ਯੋਗ ਹੈ ਅਤੇ ਇਸ ਅਨੁਸਾਰ ਹੀ ਰਾਜ ਸਰਕਾਰ ਵੱਲੋਂ ਦਰਸਾਈ ਗਈ ਨਿੱਜੀ ਯੂਨੀਵਰਸਿਟੀ ਸਥਾਪਤ ਕਰਨ ਲਈ ਉਨ੍ਹਾਂ ਦੀ ਤਜਵੀਜ਼ ਪ੍ਰਵਾਨ ਕਰ ਲਈ ਗਈ ਹੈ;

ਅਤੇ ਜਦੋਂ ਕਿ ਉਕਤ ਹਵਾਲਾ ਕੀਤੇ ਗਏ ਹਾਲਾਤਾਂ ਵਿੱਚ, ਉਪਰੋਕਤ ਦਰਸਾਏ ਗਏ ਪ੍ਰਯੋਜਨਾਂ ਲਈ ਅਕਾਲ ਯੂਨੀਵਰਸਿਟੀ ਦੀ ਜਲਦੀ ਸਥਾਪਨਾ ਕਰਨੀ ਉਚਿਤ ਸਮਝੀ ਜਾਂਦੀ ਹੈ।

ਭਾਰਤ ਗਣਰਾਜ ਦੇ ਛਿਆਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਅਕਾਲ ਯੂਨੀਵਰਸਿਟੀ ਐਕਟ, 2015 ਕਿਹਾ ਜਾ ਸਕੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) 'ਅਕਾਦਮਿਕ ਕੌਂਸਲ' ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) 'ਅਥਾਰਟੀਆਂ' ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) 'ਪ੍ਰਬੰਧ-ਬੋਰਡ' ਦਾ ਮਤਲਬ ਹੈ ਯੂਨੀਵਰਸਿਟੀ ਦਾ ਪ੍ਰਬੰਧ ਬੋਰਡ;

(ਸ) 'ਅਧਿਐਨ ਬੋਰਡ' ਦਾ ਮਤਲਬ ਹੈ ਸ਼ਾਸਕ ਬੌਡੀ ਦੁਆਰਾ ਗਠਤ ਕੀਤੀ ਗਈ ਇੱਕ ਬੌਡੀ;

(ਹ) 'ਕੈਂਪਸ' ਦਾ ਮਤਲਬ ਹੈ ਜੁੜਵਾਂ ਖੇਤਰ ਜਿਸ ਵਿੱਚ ਯੂਨੀਵਰਸਿਟੀ ਸਥਿਤ ਹੈ;

(ਕ) 'ਚੇਅਰਮੈਨ' ਦਾ ਮਤਲਬ ਹੈ ਸੋਸਾਇਟੀ ਦਾ ਚੇਅਰਮੈਨ;

(ਖ) 'ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਗ) 'ਮੁੱਖ ਵਿੱਤ ਅਤੇ ਲੇਖਾ ਅਧਿਕਾਰੀ' ਦਾ ਮਤਲਬ ਹੈ ਯੂਨੀਵਰਸਿਟੀ ਦਾ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ;

(ਘ) 'ਡੀਨ' ਦਾ ਮਤਲਬ ਹੈ ਯੂਨੀਵਰਸਿਟੀ ਦਾ ਡੀਨ;

(ਙ) 'ਸ਼ਾਸਕ ਬੌਡੀ' ਦਾ ਮਤਲਬ ਹੈ ਯੂਨੀਵਰਸਿਟੀ ਦੀ ਸ਼ਾਸਕ ਬੌਡੀ;

(ਚ) 'ਸੰਸਥਾ' ਦਾ ਮਤਲਬ ਹੈ ਕੈਂਪਸ ਅੰਦਰ ਯੂਨੀਵਰਸਿਟੀ ਦੁਆਰਾ ਚਲਾਈ ਜਾ ਰਹੀ ਜਾਂ ਪ੍ਰਬੰਧ ਕੀਤੀ ਗਈ ਸੰਸਥਾ ਜਾਂ

ਇੰਸਟੀਚਿਊਟ ਜਾਂ ਕਾਲਜ ਜਾਂ ਅਕਾਦਮਿਕ ਕੇਂਦਰ (ਜੋ ਕਿ ਕਿਸੇ ਵੀ ਨਾਂ ਨਾਲ ਜਾਣਿਆ ਜਾਂਦਾ ਹੋਵੇ);

(ਛ) 'ਮੁਕੱਰਰ' ਦਾ ਮਤਲਬ ਹੈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਗਿਆ;

(ਜ) 'ਰਜਿਸਟਰਾਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਝ) 'ਸੋਸਾਇਟੀ' ਦਾ ਮਤਲਬ ਹੈ ਸੋਸਾਇਟੀ ਰਜਿਸਟਰੇਸ਼ਨ ਐਕਟ, 1860 (1860 ਦਾ 21) ਅਧੀਨ ਰਜਿਸਟਰਸ਼ੁਦਾ ਕਲਗੀਧਰ ਸੋਸਾਇਟੀ, ਬੜੂ ਸਾਹਿਬ, ਹਿਮਾਚਲ ਪ੍ਰਦੇਸ਼;

(ਞ) 'ਰਾਜ ਸਰਕਾਰ' ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਟ) 'ਪ੍ਰਵਿਧਾਨਾਂ', 'ਆਰਡੀਨੈਂਸਾਂ' ਅਤੇ 'ਵਿਨਿਯਮਾਂ' ਦਾ ਮਤਲਬ ਹੈ ਇਸ ਐਕਟ ਅਧੀਨ ਬਣੇ ਯੂਨੀਵਰਸਿਟੀ ਦੇ 'ਪ੍ਰਵਿਧਾਨ', 'ਆਰਡੀਨੈਂਸ' ਅਤੇ 'ਵਿਨਿਯਮ';

(ਠ) 'ਅਧਿਆਪਕ', ਜਿਸ ਵਿੱਚ ਪ੍ਰੋਫ਼ੈਸਰ, ਰੀਡਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਅਤੇ ਕੋਈ ਅਜਿਹਾ ਦੂਸਰਾ ਵਿਅਕਤੀ ਜੋ ਯੂਨੀਵਰਸਿਟੀ ਵਿੱਚ ਸਿੱਖਿਆ ਦਿੰਦਾ ਹੈ, ਸ਼ਾਮਲ ਹਨ;

(ਡ) 'ਯੂਨੀਵਰਸਿਟੀ' ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਅਕਾਲ ਯੂਨੀਵਰਸਿਟੀ;

(ਢ) 'ਵਾਈਸ-ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ; ਅਤੇ

(ਣ) 'ਵਿਜ਼ਿਟਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਜ਼ਿਟਰ।

3. (1) ਪੰਜਾਬ ਰਾਜ ਵਿੱਚ ਅਕਾਲ ਯੂਨੀਵਰਸਿਟੀ ਦੇ ਨਾਂ ਨਾਲ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਯੂਨੀਵਰਸਿਟੀ ਦੀ ਸਥਾਪਨਾ।

(2) ਯੂਨੀਵਰਸਿਟੀ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਸੋਸਾਇਟੀ ਦੁਆਰਾ ਚਲਾਈ ਅਤੇ ਉਸ ਦੁਆਰਾ ਉਸਦਾ ਪ੍ਰਬੰਧ ਕੀਤਾ ਜਾਵੇਗਾ।

(3) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਨਾਂ ਦੁਆਰਾ ਇੱਕ ਨਿਗਮਤ ਬੌਡੀ ਹੋਵੇਗੀ ਅਤੇ ਇਸ ਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇਸ ਦੀ ਇੱਕ ਸਾਂਝੀ ਮੁਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਨੂੰ ਅਰਜਤ ਕਰਨ, ਧਾਰਨ ਕਰਨ ਅਤੇ ਉਸ ਦਾ ਨਿਬੇੜਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ, ਪੰਜਾਬ ਵਿਖੇ ਹੋਵੇਗਾ।

(5) ਯੂਨੀਵਰਸਿਟੀ ਸਵੈ-ਵਿੱਤ ਪੋਸ਼ਣ ਹੋਵੇਗੀ ਅਤੇ ਇਹ ਰਾਜ ਸਰਕਾਰ ਪਾਸੋਂ ਕੋਈ ਗ੍ਰਾਂਟ ਜਾਂ ਕਿਸੇ ਹੋਰ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਹੱਕਦਾਰ ਨਹੀਂ ਹੋਵੇਗੀ।

ਯੂਨੀਵਰਸਿਟੀ ਦੇ ਉਦੇਸ਼।

4. ਯੂਨੀਵਰਸਿਟੀ ਦੇ ਹੇਠ-ਲਿਖੇ ਉਦੇਸ਼ ਹੋਣਗੇ,-

(i) ਪੇਸ਼ੇਵਰ, ਡਾਕਟਰੀ, ਤਕਨੀਕੀ, ਆਮ ਸਿੱਖਿਆ ਅਤੇ ਉਚੇਰੀ ਸਿੱਖਿਆ ਦੇ ਸਾਰੇ ਖੇਤਰਾਂ ਵਿੱਚ ਸਾਰੇ ਪੱਧਰਾਂ ਤੇ ਸਿੱਖਿਆ, ਅਧਿਆਪਨ, ਵਿੱਦਿਆ, ਖੋਜ ਅਤੇ ਸਿਖਲਾਈ ਪ੍ਰਦਾਨ ਕਰਨੀ ਅਤੇ ਯੂਨੀਵਰਸਿਟੀ ਦੁਆਰਾ ਜਿਵੇਂ ਜ਼ਰੂਰੀ ਸਮਝਿਆ ਜਾਵੇ, ਸਿੱਖਿਆ ਦੇ ਉਨ੍ਹਾਂ ਸਾਰੇ ਤਰੀਕਿਆਂ ਦੁਆਰਾ ਜੋ ਭਵਿੱਖ ਵਿੱਚ ਆ ਸਕਦੇ ਹੋਣ, ਜਾਂ ਮਹੱਤਵਪੂਰਨ ਬਣ ਸਕਦੇ ਹੋਣ, ਸਮਾਜ ਅਤੇ ਉਦਯੋਗ ਦੀ ਆਮ ਜ਼ਰੂਰਤ ਅਨੁਸਾਰ ਅਜਿਹੇ ਹੋਰ ਸਮਯੋਗਤਾ ਵਰਗ ਵਿੱਚ ਅਤੇ ਵਿਸ਼ੇ ਵਿੱਚ ਸਿੱਖਿਆ ਅਤੇ ਸਿਖਲਾਈ ਨੂੰ ਲਗਾਤਾਰ ਜਾਰੀ ਰੱਖਣਾ;

(ii) ਪੇਂਡੂ ਵਿਦਿਆਰਥੀਆਂ ਦੇ ਅਕਾਦਮਿਕ ਅਭਿਲਾਸ਼ੀਆਂ ਨੂੰ ਪ੍ਰਫੁੱਲਤ ਕਰਨਾ;

(iii) ਉਦਯੋਗ ਆਧਾਰਤ ਅਧਿਆਪਨ, ਸਿਖਲਾਈ ਅਤੇ ਖੋਜ ਦੇ ਵਿਸਤਾਰ ਪ੍ਰੋਗਰਾਮਾਂ ਨੂੰ ਆਪਣੇ ਜ਼ਿੰਮੇ ਲੈਣਾ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਦੇਣ ਦੀ ਦ੍ਰਿਸ਼ਟੀ ਤੋਂ ਰੁਜ਼ਗਾਰ ਯੋਗ ਹੁਨਰ ਪ੍ਰਦਾਨ ਕਰਨਾ;

(iv) ਖੋਜ, ਸਿਰਜਨ, ਗਿਆਨ, ਬੁੱਧੀ ਅਤੇ ਸਮਝ ਦੀ ਉੱਨਤੀ ਅਤੇ ਪ੍ਰਸਾਰ ਕਰਨ ਲਈ ਵਿਵਸਥਾ ਕਰਨਾ;

(v) ਅਕਾਦਮਿਕ ਉਦਯੋਗ ਸਬੰਧ ਲਈ ਮੁੱਖ ਉਦਯੋਗਿਕ ਘਰਾਣਿਆਂ ਨੂੰ ਕੈਂਪਸ ਵਿੱਚ ਉਹਨਾਂ ਦੇ ਸੰਬੰਧਤ ਨਿਗਮਤ ਸੰਸਥਾਵਾਂ ਨੂੰ ਸਥਾਪਤ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰਨਾ;

(vi) ਗਿਆਨ ਦਾ ਪ੍ਰਸਾਰ ਕਰਨਾ ਤਾਂ ਜੋ ਇਸ ਨੂੰ ਸਮਾਜ ਦੀ ਹਰ ਸ਼੍ਰੇਣੀ ਤੱਕ ਪਹੁੰਚਯੋਗ ਬਣਾਇਆ ਜਾ ਸਕੇ;

(vii) ਪੰਜਾਬੀ ਅਧਿਐਨ ਨੂੰ ਤਰੱਕੀ ਦੇਣਾ, ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਖੋਜ ਲਈ ਵਿਵਸਥਾ ਕਰਨਾ, ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਉਪਾਅ ਕਰਨੇ; ਅਤੇ

(viii) ਅਜਿਹੇ ਸਭ ਕਾਰਜਾਂ ਨੂੰ ਕਰਨਾ ਜਿਵੇਂ ਕਿ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਵਧਾਵਾ ਦੇਣ ਲਈ ਜ਼ਰੂਰੀ ਜਾਂ ਵਾਂਛਣੀ ਹੋਣ।

5. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ ਜੋ ਕਿ ਉਸ ਦੁਆਰਾ ਜਾਂ ਉਸ ਦੇ ਅਧਿਕਾਰੀਆਂ ਅਤੇ ਅਥਾਰਟੀਆਂ ਦੁਆਰਾ ਵਰਤੋਂ ਕੀਤੀਆਂ ਜਾਣਗੀਆਂ ਅਤੇ ਨਿਭਾਏ ਜਾਣਗੇ, ਅਰਥਾਤ:- ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

(i) ਅਧਿਐਨ, ਅਧਿਆਪਨ, ਸਿਖਲਾਈ, ਖੋਜ, ਸਲਾਹ-ਮਸ਼ਵਰੇ ਦੇ ਕੋਰਸਾਂ ਨੂੰ ਸੁਰੂ ਕਰਨ ਸਬੰਧੀ (ਪਾਠਕ੍ਰਮ ਨੂੰ ਅਪਣਾਉਣ ਅਤੇ ਇਸ ਨੂੰ ਆਧੁਨਿਕ ਬਣਾਉਣ ਸਮੇਤ) ਅਤੇ ਇਨ੍ਹਾਂ ਕੋਰਸਾਂ ਨਾਲ ਸਬੰਧਤ ਆਨਲਾਈਨ ਸਿੱਖਿਆ ਦੇ ਤਰੀਕਿਆਂ ਸਮੇਤ, ਰਵਾਇਤੀ ਅਤੇ ਨਾਲ-ਨਾਲ ਨਵੇਂ ਨਵੀਨਕਾਰੀ ਤਰੀਕਿਆਂ ਰਾਹੀਂ ਸਬੰਧੀਕਰਨ ਪ੍ਰਦਾਨ ਕਰਨ ਲਈ ਸਾਰੇ ਉਪਾਅ ਕਰਨੇ ਅਤੇ ਵਿਵਸਥਾਵਾਂ ਕਰਨੀਆਂ;

(ii) ਡਾਕਟਰੇਟ, ਮਾਸਟਰਜ਼, ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਪ੍ਰਦਾਨ ਕਰਨ ਜਾਂ ਦੇਣ ਲਈ ਪ੍ਰੀਖਿਆਵਾਂ ਕਰਵਾਉਣੀਆਂ;

(iii) ਜਿਵੇਂ ਕਿ ਯੂਨੀਵਰਸਿਟੀ ਦੁਆਰਾ ਇਸ ਦੇ ਕੈਂਪਸ ਜਾਂ ਇਸ ਦੀਆਂ ਸੰਸਥਾਵਾਂ ਨੂੰ ਜ਼ਰੂਰਤ ਹੋਵੇ ਉਸ ਅਨੁਸਾਰ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਰੀਡਰ, ਲੈਕਚਰਾਰ ਜਾਂ ਇਸ ਦੇ ਬਰਾਬਰ ਦੇ ਕਿਸੇ ਹੋਰ ਅਹੁਦੇ ਨੂੰ ਸੰਸਥਿਤ ਅਤੇ ਪ੍ਰਦਾਨ ਕਰਨਾ ਅਤੇ ਅਜਿਹੇ ਵਿਅਕਤੀਆਂ ਦੀ ਨਿਯੁਕਤੀ ਕਰਨੀ;

(iv) ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ ਫੈਲੋਸ਼ਿਪਾਂ, ਵਜ਼ੀਫ਼ਾ, ਵਿਦਿਆਰਥੀ-ਵਜੀਫ਼ਾ, ਪ੍ਰਦਰਸ਼ਨੀ ਸੰਸਥਿਤ ਅਤੇ ਐਵਾਰਡ ਦੇਣਾ;

(v) ਉਨ੍ਹਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਵੱਲੋਂ ਕਿਸੇ ਦੂਸਰੀ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਜਾਂ ਪਰਿਸ਼ਦ ਜਾਂ ਭਾਰਤ ਵਿੱਚ ਕਿਸੇ ਹੋਰ ਸ਼ਕਤਵਾਨ ਅਥਾਰਟੀ ਤੋਂ ਅੰਸ਼ਕ ਜਾਂ ਪੂਰਨ ਤੌਰ ਤੇ ਕੋਰਸ ਪੂਰੇ ਕੀਤੇ ਗਏ ਹਨ, ਉਹਨਾਂ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਨੂੰ ਬਰਾਬਰਤਾ ਪ੍ਰਦਾਨ ਕਰਨੀ;

(vi) ਪਰਸਪਰ ਆਧਾਰ ਤੇ ਦੂਸਰੀਆਂ ਯੂਨੀਵਰਸਿਟੀਆਂ ਦੀ ਤੁਲਨਾ ਵਿੱਚ ਦੋਹਰੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰਦਾਨ ਕਰਨੇ;

(vii) ਕੈਂਪਸ ਵਿੱਚ ਕੇਂਦਰੀ ਲਾਇਬਰੇਰੀ, ਵਿਭਾਗੀ ਲਾਇਬਰੇਰੀਆਂ, ਅਜਾਇਬ-ਘਰ ਅਤੇ ਸਮਵਰਤੀ ਮਾਮਲਿਆਂ ਨੂੰ ਸਥਾਪਤ ਕਰਨਾ;

(viii) ਫ਼ੀਸਾਂ ਅਤੇ ਹੋਰ ਖਰਚਿਆਂ ਦੀ ਮੰਗ ਕਰਨੀ ਅਤੇ ਇਕੱਠਾ ਕਰਨਾ ਜਿਵੇਂ ਕਿ ਮੁਕੱਰਰ ਕੀਤਾ ਜਾਵੇ;

(ix) ਯੂਨੀਵਰਸਿਟੀ ਦੇ ਪੱਖ ਵਿੱਚ ਬਣਾਈ ਗਈ ਸੋਸਾਇਟੀ ਅਤੇ ਇੰਡੋਮੈਂਟ ਦੇ ਫ਼ੰਡਾਂ ਨੂੰ ਧਾਰਣ ਕਰਨਾ, ਉਸ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੀ ਵਰਤੋਂ ਕਰਨਾ;

(x) ਜਿਵੇਂ ਕਿ ਮੁਕੱਰਰ ਕੀਤਾ ਗਿਆ ਸਨਮਾਨਸੂਚਕ ਡਿਗਰੀਆਂ ਸੰਸਥਿਤ ਅਤੇ ਪ੍ਰਦਾਨ ਕਰਨੀਆਂ;

(xi) ਅਕਾਦਮਿਕ ਉੱਤਮਤਾ ਦੇ ਕਾਰਜਾਂ ਨੂੰ ਛਾਪਣਾ ਅਤੇ ਪ੍ਰਕਾਸ਼ਿਤ ਕਰਨਾ ਅਤੇ ਉੱਤਮਤਾ ਦੀ ਚੇਅਰ ਸਥਾਪਤ ਕਰਨਾ;

(xii) ਸਮਾਜ ਦੇ ਵਿੱਦਿਅਕ ਤੌਰ ਤੇ ਪੱਛੜੇ ਸਤਰ ਵਿੱਚ ਵਿੱਦਿਅਕ ਸਹੂਲਤਾਂ ਦੇ ਪ੍ਰਸਾਰ ਲਈ ਵਿਸ਼ੇਸ਼ ਉਪਾਅ ਕਰਨੇ;

(xiii) ਖੇਡਾਂ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਫੁੱਲਤ ਕਰਨਾ;

(xiv) ਅਕਾਦਮਿਕ, ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਆਸਾਮੀਆਂ ਦੀ ਸਿਰਜਨਾ ਕਰਨਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(xv) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਹੋਰ ਕੇਂਦਰੀ ਜਾਂ ਰਾਜ ਏਜੰਸੀਆਂ ਪਾਸੋਂ ਗ੍ਰਾਂਟਾਂ ਪ੍ਰਾਪਤ ਕਰਨੀਆਂ;

(xvi) ਯੂਨੀਵਰਸਿਟੀ ਲਈ ਉਧਾਰ ਲੈਣਾ ਅਤੇ ਪੇਸ਼ਗੀ ਰਕਮ ਨੂੰ ਪ੍ਰਾਪਤ ਕਰਨਾ;

(xvii) ਖੇਤੀਬਾੜੀ, ਉਦਯੋਗ ਅਤੇ ਕਾਰੋਬਾਰ ਦੇ ਬਾਰੇ ਪਰਸਪਰ ਤੌਰ ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ 'ਤੇ ਖੋਜ ਪ੍ਰੋਜੈਕਟ ਦਾ ਜ਼ਿੰਮਾ ਲੈਣਾ;

(xviii) ਸਲਾਹ-ਮਸ਼ਵਰਾ ਸੇਵਾਵਾਂ ਮੁਹੱਈਆ ਕਰਨਾ;

(xix) ਯੂਨੀਵਰਸਿਟੀ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਦੇ ਸਖ਼ਸੀਅਤ ਵਿਕਾਸ ਲਈ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਨੂੰ ਉਤਸ਼ਾਹਿਤ ਅਤੇ ਪ੍ਰਫੁੱਲਤ ਕਰਨਾ;

(xx) ਯੂਨੀਵਰਸਿਟੀ ਵਿੱਚ ਨਿਹਿਤ ਜਾਂ ਯੂਨੀਵਰਸਿਟੀ ਨਾਲ ਸਬੰਧਤ ਕਿਸੇ ਚੁੱਕਵੀਂ ਜਾਂ ਅਚੁੱਕਵੀਂ ਸੰਪਤੀ ਨੂੰ ਖਰੀਦਣਾ, ਅਰਜਤ ਕਰਨਾ ਅਤੇ ਪੱਟੇ ਤੇ ਲੈਣਾ ਜਾਂ ਰਹਿਨ ਕਰਨਾ ਅਤੇ ਕਿਸੇ ਵੀ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਵੇਚਣਾ, ਪੱਟੇ ਤੇ ਦੇਣਾ, ਰਹਿਨ ਕਰਨਾ, ਹੱਥ ਬਦਲੀ ਕਰਨਾ ਅਤੇ ਇੰਤਕਾਲ ਕਰਨਾ;

(xxi) ਵਿਦਿਆਰਥੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫ਼ੀਸ ਢਾਂਚਾ ਮੁਕੱਰਰ ਕਰਨਾ;

(xxii) ਪਰਸਪਰ ਤੌਰ 'ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ ਤੇ ਹੋਰ ਸੰਸਥਾਵਾਂ ਨਾਲ ਮਿਲਵਰਤਨ ਚਾਹੁਣਾ;

(xxiii) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੇ ਗਏ ਮਾਪਾਂ ਅਨੁਸਾਰ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਆਪਕਾਂ ਦੀਆਂ ਤਨਖਾਹਾਂ, ਮਿਹਨਤਾਨੇ ਅਤੇ ਮਾਣ-ਭੱਤੇ ਨੂੰ ਨਿਸ਼ਚਿਤ ਕਰਨਾ, ਨਿਰਧਾਰਤ ਕਰਨਾ ਅਤੇ ਉਹਨਾਂ ਨੂੰ ਮੁਹੱਈਆ ਕਰਵਾਉਣਾ;

(xxiv) ਰਾਜ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਬਣਾਈ ਗਈ ਕਿਸੇ ਹੋਰ ਬੌਡੀ ਪਾਸੋਂ ਸਵੈ-ਤਸਦੀਕ ਕਰਨ ਲਈ ਕਿਸੇ ਆਗਿਆ, ਪ੍ਰਵਾਨਗੀ, ਲਸੰਸ, ਸਰਟੀਫਿਕੇਟ, ਇਤਰਾਜ਼ਹੀਣਤਾ ਸਰਟੀਫਿਕੇਟ ਜਾਂ ਅਖ਼ਤਿਆਰ ਪ੍ਰਾਪਤ ਕਰਨ ਤੋਂ ਛੋਟ ਦਿੱਤੀ ਜਾਵੇਗੀ;

(xxv) ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਪ੍ਰਵਿਧਾਨ, ਆਰਡੀਨੈਂਸ ਅਤੇ ਵਿਨਿਯਮ ਬਣਾਉਣੇ; ਅਤੇ

(xxvi) ਅਜਿਹੇ ਹੋਰ ਸਭ ਕਾਰਜ ਕਰਨਾ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਣੀ ਹੋ ਸਕਦੇ ਹੋਣ।

ਯੂਨੀਵਰਸਿਟੀ ਦੀ ਅਧਿਕਾਰਤਾ।

6. (1) ਯੂਨੀਵਰਸਿਟੀ ਇਸ ਦੇ ਕੈਂਪਸ ਅੰਦਰ ਹੀ ਅਧਿਕਾਰਤਾ ਦੀ ਵਰਤੋਂ ਕਰੇਗੀ।

(2) ਯੂਨੀਵਰਸਿਟੀ ਉਨ੍ਹਾਂ ਸਿੱਖਿਅਕ ਜਾਂ ਪੇਸ਼ਾਵਰ ਸੰਸਥਾਵਾਂ ਨੂੰ ਆਪਣੇ ਨਾਲ ਸੰਬੱਧ ਕਰੇਗੀ ਜਿਹੜੀਆਂ ਕੈਂਪਸ ਅੰਦਰ ਸੋਸਾਇਟੀ ਦੁਆਰਾ ਸਥਾਪਤ ਕੀਤੀਆਂ, ਚਲਾਈਆਂ ਜਾਂਦੀਆਂ ਹਨ ਜਾਂ ਉਹਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਸ ਦੇ ਸਬੰਧ ਵਿੱਚ ਸੋਸਾਇਟੀ ਦੁਆਰਾ ਵਿਸ਼ੇਸ਼ ਫ਼ੈਸਲਾ ਲਿਆ ਜਾਂਦਾ ਹੈ।

ਯੂਨੀਵਰਸਿਟੀ ਦੇ ਅਧਿਕਾਰੀ।

7. (1) ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਵਿਜ਼ਿਟਰ;

(ii) ਚਾਂਸਲਰ;

(iii) ਵਾਈਸ-ਚਾਂਸਲਰ;

(iv) ਰਜਿਸਟਰਾਰ;

(v) ਫੈਕਲਟੀਆਂ ਦੇ ਡੀਨ;

(vi) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ; ਅਤੇ

(vii) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ, ਜਿਵੇਂ ਕਿ ਪ੍ਰਵਿਧਾਨਾਂ ਦੁਆਰਾ ਐਲਾਨ ਕੀਤੇ ਜਾਣ, ਯੂਨੀਵਰਸਿਟੀ ਦੇ ਅਧਿਕਾਰੀ ਹੋਣਗੇ।

ਵਿਜ਼ਿਟਰ।

8. (1) ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਵਿਜ਼ਿਟਰ ਹੋਵੇਗਾ।

(2) ਵਿਜ਼ਿਟਰ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(3) ਵਿਜ਼ਿਟਰ ਨੂੰ ਯੂਨੀਵਰਸਿਟੀ ਦੇ ਮਾਮਲਿਆਂ ਸਬੰਧੀ ਕੋਈ ਵੀ ਸੂਚਨਾ ਲੈਣ ਦਾ ਅਧਿਕਾਰ ਹੋਵੇਗਾ।

(4) ਵਿਜ਼ਿਟਰ, ਚਾਂਸਲਰ ਨਾਲ ਮਸ਼ਵਰਾ ਕਰਕੇ, ਅਜਿਹੇ ਵਿਅਕਤੀ ਦੁਆਰਾ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾ ਸਕੇਗਾ, ਜਿਵੇਂ ਕਿ ਉਹ ਯੂਨੀਵਰਸਿਟੀ ਦੇ ਪ੍ਰਬੰਧਕੀ, ਅਕਾਦਮਿਕ ਜਾਂ ਕਾਰਜਕਾਰੀ ਮਾਮਲਿਆਂ ਦੇ ਸੰਬੰਧ ਵਿੱਚ ਨਿਰਦੇਸ਼ ਦੇ ਸਕਦਾ ਹੋਵੇ।

(5) ਵਿਜ਼ਿਟਰ, ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਆਪਣੇ ਇਰਾਦੇ ਸਬੰਧੀ ਹਰਿਕ ਮਾਮਲੇ ਵਿੱਚ ਯੂਨੀਵਰਸਿਟੀ ਨੂੰ ਨੋਟਿਸ ਦੇਵੇਗਾ ਅਤੇ ਜਿਹੀ ਕਿ ਸੂਰਤ ਹੋਵੇ, ਯੂਨੀਵਰਸਿਟੀ ਆਪਣਾ ਇੱਕ ਪ੍ਰਤੀਨਿਧ ਨਿਯੁਕਤ ਕਰੇਗੀ ਜੋ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਸਮੇਂ ਹਾਜ਼ਰ ਰਹੇਗਾ।

(6) ਵਿਜ਼ਿਟਰ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਦੇ ਨਤੀਜਿਆਂ ਬਾਰੇ ਵਾਈਸ-ਚਾਂਸਲਰ ਨੂੰ ਸੂਚਨਾ ਦੇ ਸਕੇਗਾ ਅਤੇ ਵਾਈਸ-ਚਾਂਸਲਰ ਵਿਜ਼ਿਟਰ ਦੇ ਵਿਚਾਰਾਂ ਨਾਲ ਅਜਿਹੀ ਸਲਾਹ ਤੇ ਜੋ ਵਿਜ਼ਿਟਰ ਵੱਲੋਂ ਦਿੱਤੀ ਗਈ ਹੋਵੇ ਅਤੇ ਅਜਿਹੀ ਸਲਾਹ ਤੇ ਕੀਤੀ ਗਈ ਕਾਰਵਾਈ ਸਬੰਧੀ ਸ਼ਾਸਕ ਬੌਡੀ ਨੂੰ ਸੂਚਨਾ ਦੇਵੇਗਾ।

(7) ਵਾਈਸ-ਚਾਂਸਲਰ ਵਿਜ਼ਿਟਰ ਨੂੰ ਉਸ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਹੀ ਕਿਸੇ ਹੋਰ ਗੱਲ, ਜਿਹੀ ਕਿ ਸੂਰਤ ਹੋਵੇ, ਸਬੰਧੀ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਜਾਂ ਤਜਵੀਜ਼ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕਰੇਗਾ।

(8) ਜੇ ਰਾਜ ਸਰਕਾਰ ਲੋਕ ਹਿੱਤ ਵਿੱਚ ਯੂਨੀਵਰਸਿਟੀ ਜਾਂ ਉਸਦੀਆਂ ਸੰਸਥਾਵਾਂ ਨਾਲ ਸਬੰਧਤ ਕਿਸੇ ਮਾਮਲੇ ਵਿੱਚ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ, ਜਿਹੀ ਕਿ ਸੂਰਤ ਹੋਵੇ, ਕਰਵਾਉਣੀ ਉਚਿਤ ਸਮਝਦੀ ਹੈ ਤਾਂ ਰਾਜ ਸਰਕਾਰ ਦੁਆਰਾ ਇਸ ਬਾਰੇ ਵਿਜ਼ਿਟਰ ਨੂੰ ਹਵਾਲਾ ਕੀਤਾ ਜਾਵੇਗਾ ਜੋ

ਚਾਂਸਲਰ ਨਾਲ ਮਸ਼ਵਰਾ ਕਰਕੇ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਕਰਵਾਏਗਾ।

9. (1) ਚੇਅਰਮੈਨ, ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਅਤੇ ਵਿਜ਼ਿਟਰ ਦੀ ਗੈਰ-ਹਾਜ਼ਰੀ ਵਿੱਚ ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ। ਚਾਂਸਲਰ।

(2) ਚਾਂਸਲਰ ਸ਼ਾਸਕ ਬੌਡੀ ਦਾ ਚੇਅਰਮੈਨ ਹੋਵੇਗਾ ਅਤੇ ਉਹ ਆਪਣੇ-ਆਪ ਜਾਂ ਯੂਨੀਵਰਸਿਟੀ ਦੀ ਸਬੰਧਤ ਅਥਾਰਟੀ ਦੀ ਸਿਫ਼ਾਰਸ਼ ਤੇ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ, ਨਾਮਜ਼ਦਗੀਆਂ, ਹਟਾਇਆ ਜਾਣਾ, ਮੁਅੱਤਲੀਆਂ ਅਤੇ ਮੁੜ-ਬਹਾਲੀਆਂ ਕਰਨ ਦੀ ਪ੍ਰਵਾਨਗੀ ਦੇਵੇਗਾ।

(3) ਚਾਂਸਲਰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਵੱਲੋਂ ਲਏ ਗਏ ਕਿਸੇ ਵੀ ਫ਼ੈਸਲੇ ਨੂੰ ਸੋਧ ਜਾਂ ਉਸ ਨੂੰ ਪਰਤਾ ਸਕੇਗਾ ਅਤੇ ਆਪਣੇ-ਆਪ ਜਾਂ ਕਿਸੇ ਹੋਰ ਤਰ੍ਹਾਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਯੂਨੀਵਰਸਿਟੀ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਨੂੰ ਚੱਲਦੇ ਰੱਖਣ ਲਈ ਸਾਰੇ ਲੋੜੀਂਦੇ ਜ਼ਰੂਰੀ ਕੰਮ ਕਰ ਸਕੇਗਾ।

(4) ਚਾਂਸਲਰ ਕੋਲ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਅਤੇ ਇਸ ਨਾਲ ਅਨੁਸੰਗਕ ਕਿਸੇ ਮਾਮਲੇ ਸਬੰਧੀ ਅਜਿਹੇ ਹੋਰ ਸਾਰੇ ਕਾਰਜ ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਚਾਂਸਲਰ ਵੱਲੋਂ ਲਏ ਗਏ ਸਾਰੇ ਫ਼ੈਸਲੇ ਅੰਤਿਮ ਹੋਣਗੇ ਅਤੇ ਯੂਨੀਵਰਸਿਟੀ ਨਾਲ ਸਬੰਧਤ ਸਾਰਿਆਂ ਲਈ ਬੰਧਨਕਾਰੀ ਹੋਣਗੇ।

(5) ਜੇ, ਚਾਂਸਲਰ ਦੀ ਰਾਏ ਵਿੱਚ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਅਥਾਰਟੀ ਦਾ ਕੋਈ ਫ਼ੈਸਲਾ ਇਸ ਐਕਟ ਜਾਂ ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਜਾਂ ਵਿਨਿਯਮਾਂ ਅਧੀਨ ਸੌਂਪੀਆਂ ਗਈਆਂ ਸ਼ਕਤੀਆਂ ਤੋਂ ਬਾਹਰ ਹੈ ਜਾਂ ਉਨ੍ਹਾਂ ਦਾ ਯੂਨੀਵਰਸਿਟੀ ਦੇ ਹਿੱਤਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਤਾਂ ਉਹ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ ਆਪਣੇ ਫ਼ੈਸਲੇ ਨੂੰ ਸੋਧਣ ਲਈ ਕਹੇਗਾ ਅਤੇ ਜੇਕਰ ਅਧਿਕਾਰੀ ਜਾਂ ਅਥਾਰਟੀ ਅਜਿਹੇ ਫ਼ੈਸਲੇ ਵਿੱਚ ਪੂਰਨ ਤੌਰ ਤੇ ਜਾਂ ਅੰਸ਼ਿਕ ਤੌਰ ਤੇ ਸੋਧ ਕਰਨ ਤੋਂ ਇਨਕਾਰ ਕਰਦੀ ਹੈ ਜਾਂ ਪੰਦਰਾਂ ਦਿਨ ਦੀ ਮੁੱਦਤ ਦੇ ਅੰਦਰ ਉਸ ਤੇ ਕੋਈ ਫ਼ੈਸਲਾ ਲੈਣ ਵਿੱਚ ਅਸਫ਼ਲ ਰਹਿੰਦੀ ਹੈ ਤਾਂ ਉਸ ਮਾਮਲੇ ਵਿੱਚ ਚਾਂਸਲਰ ਦਾ ਫ਼ੈਸਲਾ ਅੰਤਿਮ ਹੋਵੇਗਾ।

(6) ਜੇ, ਕਿਸੇ ਵੀ ਸਮੇਂ, ਕਿਸੇ ਪ੍ਰਤੀਬੇਨਤੀ ਦੇ ਪ੍ਰਾਪਤ ਹੋਣ 'ਤੇ ਜਾਂ ਹੋਰ ਤਰ੍ਹਾਂ ਚਾਂਸਲਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਜਾਂ ਕੋਈ ਹੋਰ ਅਧਿਕਾਰੀ ਵੱਲੋਂ,-

(ੳ) ਇਸ ਐਕਟ ਅਧੀਨ ਜਾਂ ਹੋਰ ਤਰ੍ਹਾਂ ਉਸ ਤੇ ਅਰੋਪੇ ਗਏ ਕਿਸੇ ਕਰਤੱਵ ਨੂੰ ਨਿਭਾਉਣ ਵਿੱਚ ਕੋਤਾਹੀ ਕੀਤੀ ਗਈ ਹੈ; ਜਾਂ

(ਅ) ਕੋਈ ਕਾਰਵਾਈ ਇਸ ਤਰੀਕੇ ਨਾਲ ਕੀਤੀ ਗਈ ਹੈ ਜੋ ਕਿ ਯੂਨੀਵਰਸਿਟੀ ਦੇ ਹਿੱਤਾਂ ਦੇ ਪ੍ਰਤੀਕੂਲ ਹੈ; ਜਾਂ

(ੲ) ਯੂਨੀਵਰਸਿਟੀ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਵਿੱਚ ਅਸਮਰੱਥ ਹੈ,

ਤਾਂ ਚਾਂਸਲਰ ਇਸ ਤੱਥ ਦੇ ਹੁੰਦਿਆ ਹੋਇਆਂ ਵੀ ਕਿ ਉਸ ਅਧਿਕਾਰੀ ਦੀ ਅਉਧ ਅਜੇ ਪੂਰੀ ਨਹੀਂ ਹੋਈ, ਲਿਖਤੀ ਹੁਕਮਾਂ ਦੁਆਰਾ ਕਾਰਨ ਦੱਸਦੇ ਹੋਏ ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਨੂੰ ਉਸ ਤਰੀਕ ਤੋਂ ਜਿਵੇਂ ਕਿ ਹੁਕਮਾਂ ਵਿੱਚ ਉਲਿਖਤ ਕੀਤੀ ਗਈ ਹੋਵੇ, ਉਸ ਤੋਂ ਆਪਣਾ ਅਹੁਦਾ ਛੱਡਣ ਦੀ ਲੋੜਨਾ ਕਰ ਸਕਦਾ ਹੈ। ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਵੱਲੋਂ ਉਸ ਉਲਿਖਤ ਕੀਤੀ ਗਈ ਤਰੀਕ ਤੋਂ ਆਪਣਾ ਅਹੁਦਾ ਛੱਡਿਆ ਗਿਆ ਸਮਝਿਆ ਜਾਵੇਗਾ:

ਪਰੰਤੂ ਅਜਿਹਾ ਕੋਈ ਵੀ ਹੁਕਮ ਉਦੋਂ ਤੱਕ ਪਾਸ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਅਜਿਹੀ ਕਾਰਵਾਈ ਤਜਵੀਜ਼ਤ ਕਰਨ ਦੇ ਆਧਾਰਾਂ ਬਾਰੇ ਵਾਈਸ-ਚਾਂਸਲਰ ਨੂੰ ਜਾਂ ਅਧਿਕਾਰੀ ਨੂੰ ਸੂਚਿਤ ਨਹੀਂ ਕੀਤਾ ਜਾਂਦਾ ਅਤੇ ਉਸ ਨੂੰ ਉਸ ਤੇ ਸੁਣਵਾਈ ਦਾ ਵਾਜਬ ਮੌਕਾ ਨਹੀਂ ਦੇ ਦਿੱਤਾ ਜਾਂਦਾ।

ਵਾਈਸ-ਚਾਂਸਲਰ। 10. (1) ਵਾਈਸ-ਚਾਂਸਲਰ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ।

(2) ਕਿਸੇ ਵੀ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਨਿਯੁਕਤ ਨਹੀ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਯੋਗਤਾਵਾਂ ਨਾ ਹੋਣ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੀਆਂ ਗਈਆਂ ਹੋਣ।

(3) ਵਾਈਸ-ਚਾਂਸਲਰ ਸਮੁੱਚੇ ਰੂਪ ਵਿੱਚ ਯੂਨੀਵਰਸਿਟੀ ਦਾ ਇੰਚਾਰਜ ਹੋਵੇਗਾ ਜੋ ਕਿ ਯੂਨੀਵਰਸਿਟੀ ਦੇ ਮਾਮਲਿਆਂ ਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਲਾਗੂ ਕਰੇਗਾ।

(4) ਵਿਜ਼ਿਟਰ ਅਤੇ ਚਾਂਸਲਰ ਦੇ ਗੈਰ-ਹਾਜ਼ਰੀ ਦੀ ਸੂਰਤ ਵਿੱਚ ਵਾਈਸ-ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) ਵਾਈਸ-ਚਾਂਸਲਰ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਾਜਕਾਰਾਂ ਨੂੰ ਨਿਭਾਏਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

ਰਜਿਸਟਰਾਰ। 11. (1) ਰਜਿਸਟਰਾਰ, ਚਾਂਸਲਰ ਦੁਆਰਾ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਨਿਯੁਕਤ ਕੀਤਾ ਜਾਵੇਗਾ।

(2) ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਯੋਗਤਾਵਾਂ ਨਾ ਹੋਣ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੀਆਂ ਗਈਆਂ ਹੋਣ।

(3) ਰਜਿਸਟਰਾਰ ਯੂਨੀਵਰਸਿਟੀ ਲਈ ਅਤੇ ਉਸਦੇ ਨਮਿੱਤ ਸਾਰੇ ਮੁਆਇਦਿਆਂ ਤੇ ਦਸਖ਼ਤ ਕਰੇਗਾ ਅਤੇ ਸਾਰੇ ਦਸਤਾਵੇਜਾਂ ਜਾਂ ਰਿਕਾਰਡ ਨੂੰ ਤਸਦੀਕ ਕਰੇਗਾ।

(4) ਰਜਿਸਟਰਾਰ ਸ਼ਾਸਕ ਬੌਡੀ, ਪ੍ਰਬੰਧਕੀ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਮੈਂਬਰ-ਸਕੱਤਰ ਹੋਵੇਗਾ, ਪਰੰਤੂ ਉਸ ਕੋਲ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(5) ਰਜਿਸਟਰਾਰ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਹੋਰ ਕਾਜਕਾਰ ਨਿਭਾਏਗਾ।

ਮੁੱਖ ਵਿੱਤ ਅਤੇ ਲੇਖਾ ਅਫ਼ਸਰ।

12. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਚਾਂਸਲਰ ਦੁਆਰਾ ਅਜਿਹੇ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਕੋਈ ਵੀ ਵਿਅਕਤੀ ਉਦੋਂ ਤੱਕ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੇ ਤੌਰ ਤੇ ਨਿਯੁਕਤੀ ਲਈ ਯੋਗ ਨਹੀਂ ਹੋਵੇਗਾ ਜਦੋਂ ਤੱਕ ਉਸ ਨੇ ਭਾਰਤੀ ਚਾਰਟਰਡ ਲੇਖਾਕਾਰ ਸੰਸਥਾ ਦੁਆਰਾ ਲਿਆ ਗਿਆ ਚਾਰਟਰਡ ਲੇਖਾਕਾਰੀ ਟੈਸਟ ਪਾਸ ਨਾ ਕੀਤਾ ਹੋਵੇ।

(3) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਅਜਿਹੇ ਕਾਜਕਾਰ ਨਿਭਾਏਗਾ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ, ਜਿਵੇਂ ਮੁਕੱਰਰ ਕੀਤੀਆਂ ਜਾਣ।

ਹੋਰ ਅਧਿਕਾਰੀ।

13. (1) ਯੂਨੀਵਰਸਿਟੀ ਉਸ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਲਈ ਜਿਵੇਂ ਜ਼ਰੂਰੀ ਸਮਝਦੀ ਹੋਵੇ, ਅਜਿਹੇ ਹੋਰ ਅਧਿਕਾਰੀ ਨਿਯੁਕਤ ਕਰ ਸਕਦੀ ਹੈ।

(2) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀਆਂ ਨੂੰ ਨਿਯੁਕਤ ਕਰਨ ਦਾ ਤਰੀਕਾ ਅਤੇ ਉਹਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾ ਸਕਦੇ ਹੋਣ।

ਯੂਨੀਵਰਸਿਟੀ ਦੀਆਂ ਅਥਾਰਟੀਆਂ।

14. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:-

(ੳ) ਸ਼ਾਸ਼ਕ ਬੌਡੀ;

(ਅ) ਪ੍ਰਬੰਧ-ਬੋਰਡ;

(ੲ) ਅਕਾਦਮਿਕ ਕੌਂਸਲ; ਅਤੇ

(ਸ) ਅਜਿਹੀਆਂ ਹੋਰ ਅਥਾਰਟੀਆਂ, ਜਿਵੇਂ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਗਈਆਂ ਹੋਣ।

ਸ਼ਾਸਕ ਬੌਡੀ।

15. (1) ਯੂਨੀਵਰਸਿਟੀ ਦੀ ਸ਼ਾਸਕ ਬੌਡੀ ਹੇਠ-ਲਿਖੇ ਵਿਅਕਤੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

(ੳ) ਚਾਂਸਲਰ; ਚੇਅਰਮੈਨ

| | | |
|---|---|---|
| (ਅ) | ਵਾਈਸ-ਚਾਂਸਲਰ; | ਮੈਂਬਰ |
| (ੲ) | ਸੋਸਾਇਟੀ ਵੱਲੋਂ ਨਾਮਜ਼ਦ ਕੀਤੇ ਤਿੰਨ ਵਿਅਕਤੀ, ਜਿਨ੍ਹਾਂ ਵਿੱਚੋਂ ਦੋ ਉੱਘੇ ਸਿੱਖਿਆ-ਸ਼ਾਸ਼ਤਰੀ ਹੋਣਗੇ; | ਮੈਂਬਰ |
| (ਸ) | ਪ੍ਰਬੰਧਨ ਜਾਂ ਸੂਚਨਾ ਤਕਨਾਲੋਜੀ ਦਾ ਇੱਕ ਮਾਹਿਰ ਵਿਅਕਤੀ; | ਮੈਂਬਰ |
| (ਹ) | ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਵਿੱਤੀ ਮਾਹਿਰ; | ਮੈਂਬਰ |
| (ਕ) | ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਜਾਂ ਉਸ ਦਾ ਪ੍ਰਤੀਨਿਧ ਜੋ ਕਿ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਥੱਲੇ ਦਾ ਨਾ ਹੋਵੇ; ਅਤੇ | ਮੈਂਬਰ |
| (ਖ) | ਚਾਂਸਲਰ ਨਾਲ ਮਸ਼ਵਰਾ ਕਰਕੇ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਸਿੱਖਿਆ-ਸ਼ਾਸ਼ਤਰੀ। | ਮੈਂਬਰ |

(2) ਸ਼ਾਸਕ ਬੌਡੀ ਯੂਨੀਵਰਸਿਟੀ ਦੀ ਸਰਵ-ਉੱਚ ਬੌਡੀ ਹੋਵੇਗੀ। ਇਹ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਅਨੁਸਾਰ ਯੂਨੀਵਰਸਿਟੀ ਦੇ ਕਾਜਕਾਰਾਂ ਨੂੰ ਕੰਟਰੋਲ ਕਰਨ ਲਈ ਨਿਰਦੇਸ਼ ਦੇਣੇ ਅਤੇ ਆਮ ਨਿਗਰਾਨੀ ਪ੍ਰਦਾਨ ਕਰਨਾ;

(ਅ) ਯੂਨੀਵਰਸਿਟੀ ਦੀਆਂ ਹੋਰ ਅਥਾਰਟੀਆਂ ਦੇ ਫ਼ੈਸਲਿਆਂ ਦੀ ਨਜ਼ਰਸਾਨੀ ਕਰਨੀ ਜੇਕਰ ਉਹ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਾ ਹੋਣ;

(ੲ) ਯੂਨੀਵਰਸਿਟੀ ਦੀ ਸਲਾਨਾ ਰਿਪੋਰਟ ਅਤੇ ਬਜਟ ਨੂੰ ਪ੍ਰਵਾਨ ਕਰਨਾ;

(ਸ) ਯੂਨੀਵਰਸਿਟੀ ਦੁਆਰਾ ਅਪਣਾਈਆਂ ਜਾਣ ਵਾਲੀਆਂ ਵਿਸਤਰਿਤ ਨੀਤੀਆਂ ਨੂੰ ਨਿਯਤ ਕਰਨਾ;

(ਹ) ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤੀਆਂ ਗਈਆਂ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨੀ।

(3) ਸ਼ਾਸਕ ਬੌਡੀ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗੀ।

(4) ਸ਼ਾਸਕ ਬੌਡੀ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

16. (1) ਪ੍ਰਬੰਧ-ਬੋਰਡ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:- ਪ੍ਰਬੰਧ-ਬੋਰਡ।

| | | |
|---|---|---|
| (ੳ) ਚਾਂਸਲਰ ਜਾਂ ਉਸ ਦਾ ਨਾਮਜ਼ਦ; | : | ਚੇਅਰਪਰਸਨ |
| (ਅ) ਵਾਈਸ-ਚਾਂਸਲਰ | : | ਮੈਂਬਰ |
| (ੲ) ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ, ਸੋਸਾਇਟੀ ਦੇ ਦੋ ਮੈਂਬਰ; | : | ਮੈਂਬਰ |
| (ਸ) ਰਾਜ ਸਰਕਾਰ ਦੇ ਪ੍ਰਤੀਨਿਧ ਵਜੋਂ ਸਿੱਖਿਆ ਨਾਲ ਸਬੰਧੀ, ਸਬੰਧਤ ਡਾਇਰੈਕਟੋਰੇਟ ਦਾ ਡਾਇਰੈਕਟਰ; | : | ਮੈਂਬਰ |
| (ਹ) ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਵਿਅਕਤੀ ਜੋ ਸੋਸਾਇਟੀ ਦੇ ਮੈਂਬਰ ਨਹੀਂ ਹਨ; | : | ਮੈਂਬਰ |
| (ਕ) ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ, ਅਧਿਆਪਕਾਂ ਵਿੱਚੋਂ ਦੋ ਵਿਅਕਤੀ; ਅਤੇ | : | ਮੈਂਬਰ |
| (ਖ) ਚਾਂਸਲਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਅਧਿਆਪਕ। | : | ਮੈਂਬਰ |

(2) ਪ੍ਰਬੰਧ-ਬੋਰਡ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

(3) ਪ੍ਰਬੰਧ-ਬੋਰਡ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗਾ।

(4) ਪ੍ਰਬੰਧ-ਬੋਰਡ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

17. (1) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:- ਅਕਾਦਮਿਕ ਕੌਂਸਲ।

| | | |
|---|---|---|
| (ੳ) ਵਾਈਸ-ਚਾਂਸਲਰ; | : | ਚੇਅਰਪਰਸਨ |
| (ਅ) ਰਾਜ ਸਰਕਾਰ ਦੁਆਰਾ ਉਸ ਦੇ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਅਕਾਦਮਿਕ ਵਿਅਕਤੀ; ਅਤੇ | : | ਮੈਂਬਰ |
| (ੲ) ਅਜਿਹੇ ਹੋਰ ਮੈਂਬਰ, ਜਿਵੇਂ ਮੁਕੱਰਰ ਕੀਤਾ ਜਾਵੇ। | : | ਮੈਂਬਰ |

(2) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਪ੍ਰਮੁੱਖ ਅਕਾਦਮਿਕ ਬੌਡੀ ਹੋਵੇਗੀ ਅਤੇ ਇਹ ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੀਆਂ ਅਕਾਦਮਿਕ ਨੀਤੀਆਂ ਵਿੱਚ ਤਾਲਮੇਲ ਕਰੇਗੀ ਅਤੇ ਉਨ੍ਹਾਂ ਤੇ ਆਮ ਨਿਗਰਾਨੀ ਰੱਖੇਗੀ।

(3) ਅਕਾਦਮਿਕ ਕੌਂਸਲ ਦੀ ਇਕੱਤਰਤਾ ਦਾ ਕੋਰਮ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਵਿੱਤ ਕਮੇਟੀ।

18. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | | |
|---|---|---|---|
| (i) | ਵਾਈਸ-ਚਾਂਸਲਰ; | : | ਚੇਅਰਪਰਸਨ |
| (ii) | ਡੀਨ, ਅਕਾਦਮਿਕ ਮਾਮਲੇ; | : | ਮੈਂਬਰ |
| (iii) | ਯੂਨੀਵਰਸਿਟੀ ਦਾ ਰਜਿਸਟਰਾਰ; | : | ਮੈਂਬਰ |
| (iv) | ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ ਦੋ ਵਿਅਕਤੀ, ਜਿਨ੍ਹਾਂ ਵਿੱਚੋਂ ਇੱਕ ਵਿੱਤੀ ਮਾਹਿਰ ਹੋਵੇਗਾ; ਅਤੇ | : | ਮੈਂਬਰ |
| (v) | ਮੁੱਖ ਵਿੱਤ ਅਤੇ ਲੇਖਾ ਅਧਿਕਾਰੀ। | : | ਮੈਂਬਰ-ਸਕੱਤਰ |

(2) ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ ਮੈਂਬਰ ਦੋ ਸਾਲ ਦੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ।

ਵਿੱਤ ਕਮੇਟੀ ਦੇ ਕਾਜਕਾਰ।

19. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਲੋੜੀਂਦੇ ਦਸਤਾਵੇਜਾਂ ਨਾਲ, ਯੂਨੀਵਰਸਿਟੀ ਦਾ ਸਲਾਨਾ ਬਜਟ ਤਿਆਰ ਕਰਵਾਏਗਾ ਅਤੇ ਉਸ ਨੂੰ ਪ੍ਰਵਾਨਗੀ ਲਈ ਵਿੱਤ ਕਮੇਟੀ ਨੂੰ ਪੇਸ਼ ਕਰੇਗਾ। ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਯੂਨੀਵਰਸਿਟੀ ਦੀ ਸਲਾਨਾ ਆਮਦਨ ਅਤੇ ਖਰਚਿਆਂ ਦੇ ਲੇਖੇ ਵੀ ਤਿਆਰ ਕਰਵਾਏਗਾ ਅਤੇ ਇਸ ਸਬੰਧੀ ਵਿੱਤ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਚਾਰਟਰਡ ਲੇਖਾਕਾਰ ਦੁਆਰਾ ਇਸ ਦਾ ਆਡਿਟ ਕਰਵਾਏਗਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਨੁਸਾਰ ਯੂਨੀਵਰਸਿਟੀ ਦੀ ਆਮਦਨ ਅਤੇ ਖਰਚਿਆਂ ਦੇ ਆਡਿਟ ਸਬੰਧੀ ਨੋਟ ਨਾਲ ਵਿੱਤ ਕਮੇਟੀ ਦੁਆਰਾ ਪ੍ਰਵਾਨ ਕੀਤੇ ਗਏ ਬਜਟ ਨੂੰ ਚਾਂਸਲਰ ਦੀ ਪ੍ਰਵਾਨਗੀ ਲਈ ਉਸ ਅੱਗੇ ਪੇਸ਼ ਕੀਤਾ ਜਾਵੇਗਾ।

(3) ਵਿੱਤ ਕਮੇਟੀ ਯੂਨੀਵਰਸਿਟੀ ਦੇ ਵਿੱਤੀ ਮਾਮਲਿਆਂ ਤੇ ਚਾਂਸਲਰ ਨੂੰ ਸਲਾਹ ਦੇਵੇਗੀ।

ਹੋਰ ਅਥਾਰਟੀਆਂ।

20. ਧਾਰਾ 14 ਦੇ ਖੰਡ (ਸ) ਅਧੀਨ ਅਥਾਰਟੀਆਂ ਦੀ ਰਚਨਾ, ਗਠਨ, ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾਣ।

ਅਥਾਰਟੀ ਜਾਂ ਬੌਡੀ ਦੀ ਮੈਂਬਰਸ਼ਿੱਪ ਲਈ ਨਾਕਾਬਲੀਅਤਾਂ।

21. ਕੋਈ ਵਿਅਕਤੀ ਯੂਨੀਵਰਸਿਟੀ ਦੀ ਕਿਸੇ ਬੌਡੀ ਜਾਂ ਅਥਾਰਟੀਆਂ ਦਾ ਮੈਂਬਰ ਹੋਣ ਦੇ ਅਯੋਗ ਹੋ ਜਾਵੇਗਾ, ਜੇ ਉਹ,-

(i) ਵਿਗੜ-ਚਿਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ii) ਇੱਕ ਅਮੁੱਕਤ ਦਿਵਾਲੀਆ ਹੈ; ਜਾਂ

(iii) ਕਿਸੇ ਸਦਾਚਾਰਕ ਗਿਰਾਵਟ ਵਿੱਚ ਪਲਚੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ; ਜਾਂ

(iv) ਕਿਸੇ ਵੀ ਰੂਪ ਵਿੱਚ ਕਿਸੇ ਪ੍ਰੀਖਿਆ ਦਾ ਸੰਚਾਲਣ ਕਰਨ ਵਿੱਚ ਕਿਸੇ ਅਣਉਚਿਤ ਆਚਰਣ ਨਾਲ ਖਚਿਤ ਹੋਣ ਕਰਕੇ ਜਾਂ ਉਸ ਨੂੰ ਵਧਾਵਾ ਦੇਣ ਕਾਰਨ ਸਜ਼ਾ-ਯਾਫ਼ਤਾ ਹੋ ਗਿਆ ਹੈ।

**ਖਾਲੀ ਥਾਵਾਂ ਕਾਰਨ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨ ਹੋਣਾ।**

22. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਕੀਤਾ ਗਿਆ ਕੋਈ ਕਾਰਜ, ਜਾਂ ਕਾਰਵਾਈਆਂ ਸਿਰਫ਼ ਇਸ ਕਾਰਨ ਨਾਜਾਇਜ਼ ਨਹੀਂ ਹੋਣਗੀਆਂ ਕਿ,-

(ੳ) ਅਥਾਰਟੀ ਜਾਂ ਬੌਡੀ ਵਿੱਚ ਕੋਈ ਥਾਂ ਖ਼ਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੇ ਆਰਡੀਨੈਂਸ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

**ਸੰਕਟਕਾਲੀ ਖ਼ਾਲੀ ਹੋਈਆਂ ਆਸਾਮੀਆਂ ਨੂੰ ਭਰਨਾ।**

23. ਜੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਣ ਕਾਰਨ ਜਾਂ ਉਸ ਦੇ ਅਸਤੀਫ਼ੇ ਜਾਂ ਅਹੁਦੇ ਤੋਂ ਹਟਾਏ ਜਾਣ ਕਾਰਨ ਜਾਂ ਜਿਸ ਸਮਰੱਥਾ ਵਿੱਚ ਉਸ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ ਉਸ ਸਮਰੱਥਾ ਵਿੱਚ ਤਬਦੀਲੀ ਹੋ ਜਾਣ ਕਾਰਨ ਕੋਈ ਆਸਾਮੀ ਖਾਲੀ ਹੁੰਦੀ ਹੈ ਤਾਂ ਉਸ ਅਥਾਰਟੀ ਜਾਂ ਬੌਡੀ ਦੁਆਰਾ ਜਿਸ ਵੱਲੋਂ ਅਜਿਹੇ ਮੈਂਬਰ ਦੀ ਨਿਯੁਕਤੀ ਜਾਂ ਨਾਮਜ਼ਦਗੀ ਕੀਤੀ ਗਈ ਸੀ, ਜਿੰਨੀ ਛੇਤੀ ਸੰਭਵ ਹੋ ਸਕੇ ਉਸ ਆਸਾਮੀ ਨੂੰ ਭਰਿਆ ਜਾਵੇਗਾ:

ਪਰੰਤੂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੀ ਸੰਕਟਕਾਲੀ ਖ਼ਾਲੀ ਹੋਈ ਆਸਾਮੀ ਤੇ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਅਜਿਹਾ ਵਿਅਕਤੀ, ਮੈਂਬਰ ਦੀ ਬਾਕੀ ਰਹਿੰਦੀ ਮਿਆਦ ਲਈ ਹੀ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੇ ਅਹੁਦੇ ਤੇ ਬਣਿਆ ਰਹੇਗਾ, ਜਿਸ ਦੀ ਥਾਂ ਤੇ ਉਸ ਨੂੰ ਨਿਯੁਕਤ ਜਾਂ ਨਾਮਜ਼ਦ, ਜਿਹੀ ਕਿ ਸੂਰਤ ਹੋਵੇ, ਕੀਤਾ ਗਿਆ ਹੈ।

**ਕਮੇਟੀਆਂ।**

24. ਯੂਨੀਵਰਸਿਟੀ ਦੀਆਂ ਅਥਾਰਟੀਆਂ ਜਾਂ ਅਧਿਕਾਰੀ ਅਜਿਹੀਆਂ ਕਮੇਟੀਆਂ ਦਾ ਗਠਨ ਕਰ ਸਕਦੇ ਹਨ, ਜੋ ਅਜਿਹੀਆਂ ਕਮੇਟੀਆਂ ਦੁਆਰਾ ਵਿਸ਼ੇਸ਼ ਕੰਮ ਨੂੰ

ਕਰਨ ਲਈ ਜ਼ਰੂਰੀ ਹੋ ਸਕਦੀਆਂ ਹਨ। ਅਜਿਹੀਆਂ ਕਮੇਟੀਆਂ ਦਾ ਗਠਨ ਅਤੇ ਕਰਤੱਵ ਅਜਿਹੇ ਹੋਣਗੇ, ਜਿਵੇ ਮੁਕੱਰਰ ਕੀਤੇ ਜਾ ਸਕਣ।

ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਲਈ ਵਿਸ਼ੇਸ਼ ਸਕੂਲ ਚਲਾਉਣਾ।

25. ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੋਸਾਇਟੀ 11ਵੀਂ ਅਤੇ 12ਵੀਂ ਜਮਾਤ ਦੇ ਘੱਟੋ-ਘੱਟ ਪੰਜਾਹ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਲਈ ਵਿਸ਼ੇਸ਼ ਸਕੂਲ ਚਲਾਏਗੀ, ਜਿਸ ਵਿੱਚ ਮੁਫ਼ਤ ਰਿਹਾਇਸ਼ ਅਤੇ ਮੁਫ਼ਤ ਖੁਰਾਕ ਦੀ ਸੁਵਿਧਾ ਸ਼ਾਮਲ ਹੋਵੇਗੀ। ਵਿਦਿਆਰਥੀਆਂ ਦਾ ਦਾਖਲਾ ਗੁਣ ਦੇ ਆਧਾਰ ਤੇ ਹੋਵੇਗਾ।

ਪ੍ਰਵਿਧਾਨ ਬਣਾਉਣ ਦੀ ਸ਼ਕਤੀ।

26. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਪ੍ਰਵਿਧਾਨ ਬਣਾ ਸਕੇਗੀ ਜਾਂ ਪ੍ਰਵਿਧਾਨਾਂ ਦੀ ਸੋਧ ਜਾਂ ਉਨ੍ਹਾਂ ਨੂੰ ਨਿਰਸਨ ਕਰ ਸਕੇਗੀ।

(2) ਬਣਾਏ ਗਏ ਪ੍ਰਵਿਧਾਨ ਲਈ ਜਾਂ ਉਨਾਂ ਵਿੱਚ ਕੀਤੀ ਗਈ ਕੋਈ ਸੋਧ ਜਾਂ ਨਿਰਸਨ ਸਬੰਧੀ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਦੀਆਂ ਅਥਾਰਟੀਆਂ ਅਤੇ ਹੋਰ ਬੌਡੀਆਂ, ਜੋ ਸਮੇਂ-ਸਮੇਂ ਤੇ ਗਠਤ ਕੀਤੀਆਂ ਗਈਆਂ ਹੋਣ, ਦੇ ਗਠਨ, ਸ਼ਕਤੀਆਂ ਅਤੇ ਕਾਜਕਾਰ;

(ii) ਵਾਈਸ-ਚਾਂਸਲਰ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਸ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iii) ਰਜਿਸਟਰਾਰ ਅਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iv) ਹੋਰ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(v) ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(vi) ਯੂਨੀਵਰਸਿਟੀ, ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਝਗੜੇ ਦੀ ਸੂਰਤ ਵਿੱਚ ਸਾਲਸੀ ਪ੍ਰੀਕ੍ਰਿਆ;

(vii) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(viii) ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਦੇਣੀ ਅਤੇ ਉਨ੍ਹਾਂ ਨੂੰ ਵਜ਼ੀਫ਼ਾ ਅਤੇ ਫੈਲੋਸ਼ਿਪ ਪ੍ਰਦਾਨ ਕਰਨਾ;

(ix) ਸੀਟਾਂ ਦੇ ਰਾਖਵੇਂਕਰਨ ਨੂੰ ਵਿਨਿਯਮਤ ਕਰਨ ਦੇ ਨਾਲ ਦਾਖ਼ਲੇ ਦੀ ਨੀਤੀ;

(x) ਵੱਖ-ਵੱਖ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ; ਅਤੇ

(xi) ਕੋਈ ਹੋਰ ਮਾਮਲਾ ਜਿਸ ਲਈ ਇਸ ਐਕਟ ਅਧੀਨ ਪ੍ਰਵਿਧਾਨ ਬਣਾਉਣੇ ਲੋੜੀਂਦੇ ਹੋਣ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ।

(5) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਪ੍ਰਵਿਧਾਨਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਪ੍ਰਵਿਧਾਨਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ।

(6) ਯੂਨੀਵਰਸਿਟੀ ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਪ੍ਰਵਿਧਾਨਾਂ ਤੇ ਆਪਣੀ ਸਹਿਮਤੀ ਨੂੰ ਸੰਸੂਚਤ ਕਰੇਗੀ, ਅਤੇ ਜੇਕਰ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਪ੍ਰਵਿਧਾਨਾਂ ਨੂੰ ਅੰਤਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਆਰਡੀਨੈਂਸ ਬਣਾਉਣ ਦੀ ਸ਼ਕਤੀ।

27. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਆਰਡੀਨੈਂਸ ਬਣਾ ਸਕੇਗੀ ਜਾਂ ਆਰਡੀਨੈਂਸਾਂ ਵਿੱਚ ਸੋਧ ਕਰ ਸਕੇਗੀ ਜਾਂ ਉਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਬਣਾਏ ਗਏ ਆਰਡੀਨੈਂਸ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਨੂੰ ਨਿਰਸਤ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਆਰਡੀਨੈਂਸ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਉਸ ਅਨੁਸਾਰ ਉਨਾਂ ਦੇ ਨਾਂ ਰਜਿਸਟਰ ਵਿੱਚ ਚੜ੍ਹਾਉਣਾ;

(ii) ਯੂਨੀਵਰਸਿਟੀ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਕੋਰਸ;

(iii) ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਅਤੇ ਹੋਰ ਅਕਾਦਮਿਕ ਉਪਾਧੀਆਂ ਸਬੰਧੀ;

(iv) ਯੂਨੀਵਰਸਿਟੀ ਦੇ ਵੱਖ-ਵੱਖ ਕੋਰਸਾਂ, ਪ੍ਰੀਖਿਆਵਾਂ, ਡਿਗਰੀਆਂ ਅਤੇ ਡਿਪਲੋਮਿਆਂ ਦੀਆਂ ਲਈਆਂ ਜਾਣ ਵਾਲੀਆਂ ਫ਼ੀਸਾਂ;

(v) ਫੈਲੋ-ਵਜ਼ੀਫੇ, ਵਜ਼ੀਫੇ, ਵਿਦਿਆਰਥੀ-ਵਜ਼ੀਫੇ, ਤਮਗੇ ਅਤੇ ਇਨਾਮ ਦੇਣ ਲਈ ਸ਼ਰਤਾਂ;

(vi) ਪਰੀਖਿਆਵਾਂ ਦਾ ਸੰਚਾਲਣ, ਜਿਸ ਵਿੱਚ ਪਰੀਖਿਆ ਲੈਣ ਵਾਲੀਆਂ ਬੌਡੀਆਂ, ਪਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੇ ਨਿਬੰਧਨ ਅਤੇ ਨਿਯੁਕਤੀ ਦਾ ਤਰੀਕਾ ਅਤੇ ਕਰਤੱਵਾਂ ਬਾਰੇ ਕੀਤੇ ਉਪਬੰਧ ਸ਼ਾਮਲ ਹਨ;

(vii) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਲਈ ਹੋਸਟਲ ਦੀਆਂ ਸਹੂਲਤਾਂ ਦੀਆਂ ਸ਼ਰਤਾਂ;

(viii) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨੀ;

(ix) ਯੂਨੀਵਰਸਿਟੀ ਦੇ ਅਕਾਦਮਿਕ ਮਿਆਰ ਨੂੰ ਸੁਧਾਰਨ ਲਈ ਜੋ ਜ਼ਰੂਰੀ ਸਮਝਿਆ ਜਾਂਦਾ ਹੈ, ਉਸ ਅਨੁਸਾਰ ਕਿਸੇ ਹੋਰ ਬੌਡੀ ਦੀ ਰਚਨਾ, ਬਣਤਰ ਅਤੇ ਕਾਜਕਾਰ ਲਈ ਉਪਬੰਧ ਕਰਨਾ;

(x) ਹੋਰ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਅਤੇ ਸਹਿਯੋਗ ਦੇਣ ਦਾ ਤਰੀਕਾ; ਅਤੇ

(xi) ਕੋਈ ਹੋਰ ਮਾਮਲਾ ਜਿਸ ਲਈ ਇਸ ਐਕਟ ਜਾਂ ਇਸ ਅਧੀਨ ਬਣੇ ਪ੍ਰਵਿਧਾਨਾਂ ਅਨੁਸਾਰ ਆਰਡੀਨੈਂਸਾਂ ਦੁਆਰਾ ਉਪਬੰਧ ਕੀਤਾ ਜਾਣਾ ਲੋੜੀਂਦਾ ਹੋਵੇ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਆਰਡੀਨੈਂਸ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(5) ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਆਰਡੀਨੈਂਸਾਂ ਤੇ ਰਾਜ ਸਰਕਾਰ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਉਨ੍ਹਾਂ ਨੂੰ ਵਾਪਸ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਆਰਡੀਨੈਂਸਾਂ ਤੇ ਆਪਣੀ ਸਹਿਮਤੀ ਨੂੰ ਸੰਸੂਚਤ ਕਰੇਗੀ ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਆਰਡੀਨੈਂਸਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਆਰਡੀਨੈਂਸਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

28. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਵਿਨਿਯਮ ਬਣਾ ਸਕੇਗੀ ਜਾਂ ਵਿਨਿਯਮਾਂ ਵਿੱਚ ਸੋਧ ਕਰ ਸਕੇਗੀ ਜਾਂ ਉਹਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਬਣਾਏ ਗਏ ਵਿਨਿਯਮ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਹਨਾਂ ਨੂੰ ਨਿਰਸਨ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਵਿਨਿਯਮ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(4) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਵਿਨਿਯਮਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਵਿਨਿਯਮਾਂ ਨੂੰ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(5) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਵਿਨਿਯਮਾਂ ਤੇ ਆਪਣੀ ਸਹਿਮਤੀ ਨੂੰ ਸੰਸੂਚਤ ਕਰੇਗੀ ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਹੋਵੇਗੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(6) ਰਾਜ ਸਰਕਾਰ ਦੁਆਰਾ ਵਿਨਿਯਮਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ ਇਨ੍ਹਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(7) ਇਸ ਤਰ੍ਹਾਂ ਬਣਾਏ ਗਏ ਵਿਨਿਯਮਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਯੂਨੀਵਰਸਿਟੀ ਵੱਲੋਂ ਵਿਨਿਯਮਤ ਬੌਡੀਆਂ ਦੇ ਨਿਯਮਾਂ, ਵਿਨਿਯਮਾਂ ਆਦਿ ਦੀ ਪਾਲਣਾ ਕਰਨਾ।

29. (1) ਯੂਨੀਵਰਸਿਟੀ ਨੂੰ ਕੋਈ ਵੀ ਡਿਗਰੀਆਂ ਦੇਣ ਦੀ ਮਨਾਹੀ ਹੋਵੇਗੀ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਦੇ ਬਰਾਬਰ ਦੀ ਗਠਤ ਕੀਤੀ ਗਈ ਬੌਡੀ ਵੱਲੋਂ ਮਾਨਤਾ ਪ੍ਰਾਪਤ ਨਹੀਂ ਹੈ।

(2) ਯੂਨੀਵਰਸਿਟੀ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਨਿੱਜੀ ਯੂਨੀਵਰਸਿਟੀਆਂ ਵਿੱਚ ਮਿਆਰਾਂ ਦੀ ਸਥਾਪਨਾ ਅਤੇ ਸੰਭਾਲ) ਵਿਨਿਯਮ, 2003 ਅਨੁਸਾਰ ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਨਿੱਜੀ ਯੂਨੀਵਰਸਿਟੀਆਂ ਲਈ ਬਣਾਏ ਗਏ ਕਿਸੇ ਹੋਰ ਵਿਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

ਆਮ ਫ਼ੰਡ। 30. (1) ਯੂਨੀਵਰਸਿਟੀ ਦਾ ਇੱਕ ਆਮ ਫ਼ੰਡ ਹੋਵੇਗਾ, ਜਿਸ ਵਿੱਚ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ,–

(ੳ) ਯੂਨੀਵਰਸਿਟੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਫੀਸਾਂ ਅਤੇ ਹੋਰ ਚਾਰਜਿਜ਼;

(ਅ) ਯੂਨੀਵਰਸਿਟੀ ਦੁਆਰਾ ਸਲਾਹ ਮਸ਼ਵਰੇ ਤੋਂ ਅਤੇ ਆਪਣੇ ਜ਼ਿੰਮੇ ਲਏ ਗਏ ਹੋਰ ਕੰਮਾਂ ਤੋਂ ਪ੍ਰਾਪਤ ਕੀਤੀ ਗਈ ਕੋਈ ਆਮਦਨ; ਅਤੇ

(ੲ) ਕਿਸੇ ਸਰਕਾਰੀ ਅਤੇ ਗੈਰ-ਸਰਕਾਰੀ ਫ਼ੰਡ ਏਜੰਸੀਆਂ ਤੋਂ ਖੋਜ ਪ੍ਰੋਜੈਕਟਾਂ ਲਈ ਯੂਨੀਵਰਸਿਟੀ ਦੁਆਰਾ ਕਿਸੇ ਸਾਧਨ ਤੋਂ ਪ੍ਰਾਪਤ ਕੀਤੇ ਗਏ ਫ਼ੰਡ ਅਤੇ ਗ੍ਰਾਂਟਾਂ।

(2) ਆਮ ਫੰਡ ਦੀ ਹੇਠ-ਲਿਖੇ ਪ੍ਰਯੋਜਨਾਂ ਲਈ ਵਰਤੋਂ ਹੋਵੇਗੀ, ਅਰਥਾਤ:–

(ੳ) ਯੂਨੀਵਰਸਿਟੀ ਦੁਆਰਾ ਲਏ ਗਏ ਕਰਜ਼ਿਆਂ ਨੂੰ ਵਿਆਜ਼ ਦੇ ਚਾਰਜਿਜ਼ ਸਮੇਤ ਵਾਪਸ ਅਦਾਇਗੀ ਕਰਨ ਲਈ;

(ਅ) ਯੂਨੀਵਰਸਿਟੀ ਦੇ ਧਨਧਾਮਾਂ ਦੀ ਸੰਭਾਲ ਲਈ;

(ੲ) ਫ਼ੰਡ ਦੇ ਆਡਿਟ ਦੇ ਖ਼ਰਚੇ ਦੀ ਅਦਾਇਗੀ ਲਈ;

(ਸ) ਕਿਸੇ ਦਾਵੇ ਜਾਂ ਕਾਰਵਾਈਆਂ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ;

(ਹ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ ਲਈ ਅਤੇ ਅਜਿਹੇ ਕਿਸੇ ਅਧਿਕਾਰੀ ਅਤੇ ਕਰਮਚਾਰੀ ਨੂੰ ਕਿਸੇ ਫ਼ਾਇਦਿਆਂ ਦੀ ਅਦਾਇਗੀ ਕਰਨ ਲਈ;

(ਕ) ਯੂਨੀਵਰਸਿਟੀ ਦੀਆਂ ਅਥਾਰਟੀਆਂ, ਕਮੇਟੀ ਜਾਂ ਬੋਰਡ ਦੇ ਮੈਂਬਰਾਂ ਦੇ ਯਾਤਰਾ ਅਤੇ ਹੋਰ ਭੱਤਿਆਂ ਦੀ ਅਦਾਇਗੀ ਕਰਨ ਲਈ;

(ਖ) ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਵਿਦਿਆਰਥੀਆਂ ਜਾਂ ਸਹਿਯੋਗੀ ਖੋਜਕਾਰਾਂ ਜਾਂ ਸਿਖਿਆਰਥੀਆਂ, ਜਿਹੀ ਕਿ ਸੂਰਤ ਹੋਵੇ, ਜਾਂ ਅਜਿਹੇ ਐਵਾਰਡ ਪ੍ਰਾਪਤ ਕਰਨ ਲਈ ਕਿਸੇ ਪਾਤਰ ਵਿਦਿਆਰਥੀ ਨੂੰ ਫ਼ੈਲੋਸ਼ਿੱਪਾਂ, ਵਜ਼ੀਫ਼ੇ, ਸਹਾਇਤਾ ਅਤੇ ਹੋਰ ਐਵਾਰਡਾਂ ਦੀ ਅਦਾਇਗੀ ਕਰਨ ਲਈ;

(ਗ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਿਸੇ ਖ਼ਰਚਿਆਂ ਦੀ ਅਦਾਇਗੀ ਕਰਨ ਲਈ;

(ਘ) ਯੂਨੀਵਰਸਿਟੀ ਦੇ ਪ੍ਰਯੋਜਨ ਲਈ ਭੋਂ ਅਰਜਤ ਕਰਨ ਜਾਂ ਕਿਸੇ ਕਿਸਮ ਦੇ ਵਿਕਾਸ ਦੇ ਕੰਮ ਜਾਂ ਅਜਿਹੇ ਕਿਸੇ ਹੋਰ ਕਾਰਜਾਂ ਦੇ ਸਬੰਧ ਵਿੱਚ ਅਦਾਇਗੀ ਕਰਨ ਲਈ;

(ਙ) ਸੋਸਾਇਟੀ ਦੁਆਰਾ ਯੂਨੀਵਰਸਿਟੀ ਦੀ ਸਥਾਪਨਾ ਅਤੇ ਉਸ ਨੂੰ ਚਲਾਉਣ ਲਈ ਲਏ ਗਏ ਕਰਜ਼ਿਆਂ ਅਤੇ ਪੂੰਜੀ ਦੇ ਖਰਚੇ ਲਈ ਅਤੇ ਇਸ ਲਈ ਕੀਤੇ ਗਏ ਨਿਵੇਸ਼ਾਂ ਦੀ ਅਦਾਇਗੀ ਕਰਨ ਲਈ;

(ਚ) ਯੂਨੀਵਰਸਿਟੀ ਦੁਆਰਾ ਲਏ ਗਏ ਸਲਾਹ-ਮਸ਼ਵਰੇ ਦੇ ਕੰਮ ਨਾਲ ਸਬੰਧਤ ਚਾਰਜਾਂ ਅਤੇ ਖਰਚਿਆਂ ਦੀ ਅਦਾਇਗੀ ਲਈ;

(ਛ) ਸੋਸਾਇਟੀ ਦੁਆਰਾ ਯੂਨੀਵਰਸਿਟੀ ਲਈ ਜਾਂ ਇਸ ਦੇ ਨਮਿੱਤ ਕਿਸੇ ਖਰਚੇ, ਤਨਖਾਹਾਂ, ਕਰਾਂ, ਦੇਣਦਾਰੀਆਂ ਦੀ ਅਦਾਇਗੀ ਕਰਨ ਲਈ।

ਸਾਲਾਨਾ ਰਿਪੋਰਟ।

31. ਯੂਨੀਵਰਸਿਟੀ ਦੀ ਆਮਦਨ ਅਤੇ ਖਰਚਿਆਂ ਦੇ ਲੇਖੇ ਯੂਨੀਵਰਸਿਟੀ ਦੇ ਚਾਰਟਰਡ ਲੇਖਾਕਾਰ ਦੁਆਰਾ ਜਮ੍ਹਾਂ ਕੀਤੇ ਜਾਣਗੇ ਅਤੇ ਉਹ ਲੇਖੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਵੱਲੋਂ ਸਾਲ ਵਿੱਚ ਇੱਕ ਵਾਰੀ ਪ੍ਰਸ਼ਾਸਕੀ ਬੋਡੀ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

ਪ੍ਰੀਖਿਆਵਾਂ।

32. ਯੂਨੀਵਰਸਿਟੀ ਦੁਆਰਾ ਹਰੇਕ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਵਿੱਚ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਅਕਾਦਮਿਕ ਸਰਗਰਮੀਆਂ ਸਮੇਤ ਯੂਨੀਵਰਸਿਟੀ ਪ੍ਰੀਖਿਆਵਾਂ ਦੀ ਛਿਮਾਹੀ-ਦਰ-ਛਿਮਾਹੀ ਜਾਂ ਸਲਾਨਾ, ਜਿਹੀ ਕਿ ਸੂਰਤ ਹੋਵੇ, ਆਰਜ਼ੀ ਅਨੁਸੂਚੀ ਤਿਆਰ ਕਰੇਗੀ ਅਤੇ ਛਪਵਾਏਗੀ ਪਰੰਤੂ ਇਹ ਕੈਲੰਡਰ ਸਾਲ ਦੇ ਅਗਸਤ ਦੇ 30ਵੇਂ ਦਿਨ ਤੋਂ ਬਾਅਦ ਨਹੀਂ ਹੋਵੇਗੀ।

ਵਿਆਖਿਆ:- 'ਪ੍ਰੀਖਿਆਵਾਂ ਦੀ ਅਨੁਸੂਚੀ', ਜਿਸ ਦਾ ਮਤਲਬ ਸਮਾਂ-ਸਾਰਣੀ ਤੋਂ ਹੈ ਜੋ ਵਿਵਹਾਰਕ ਪ੍ਰੀਖਿਆਵਾਂ ਦੇ ਵੇਰਵੇ ਅਤੇ ਜੁਬਾਨੀ ਪ੍ਰੀਖਿਆ ਜੇ ਕੋਈ ਹੋਵੇ, ਉਸਦੇ ਹਰੇਕ ਪੇਪਰ ਦੇ ਸ਼ੁਰੂ ਹੋਣ ਦਾ ਸਮਾਂ, ਦਿਨ ਅਤੇ ਤਰੀਕ ਦਰਸਾਉਂਦੀ ਹੋਵੇ ਅਤੇ ਜੋ ਪ੍ਰੀਖਿਆਵਾਂ ਦੀ ਯੋਜਨਾ ਦਾ ਇੱਕ ਹਿੱਸਾ ਹੈ।

ਨਤੀਜਿਆਂ ਦਾ ਐਲਾਨ ਕਰਨਾ।

33. (1) ਯੂਨੀਵਰਸਿਟੀ, ਉਸ ਦੁਆਰਾ ਹਰ ਵੱਖਰੀ ਕਿਸਮ ਦੇ ਵਿਸ਼ੇਸ਼ ਕੋਰਸ ਦੀਆਂ ਲਈਆਂ ਗਈਆਂ ਪ੍ਰੀਖਿਆਵਾਂ ਦੀ ਆਖਰੀ ਤਰੀਕ ਤੋਂ ਪੰਤਾਲੀ ਦਿਨ ਦੀ ਮੁੱਦਤ ਦੇ ਅੰਦਰ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕਰਨ ਦਾ ਯਤਨ ਕਰੇਗੀ, ਅਤੇ ਕਿਸੇ ਵੀ ਹਾਲਤ ਵਿੱਚ ਦਰਸਾਈ ਗਈ ਤਰੀਕ ਤੋਂ ਸੱਠ ਦਿਨਾਂ ਤੋਂ ਬਾਅਦ ਨਹੀਂ ਹੋਣਗੇ।

(2) ਕੋਈ ਪ੍ਰੀਖਿਆ ਜਾਂ ਕਿਸੇ ਵੀ ਪ੍ਰੀਖਿਆ ਦਾ ਨਤੀਜਾ ਸਿਰਫ਼ ਇਸ ਕਾਰਨ ਕਰਕੇ ਅਵੈਧ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਯੂਨੀਵਰਸਿਟੀ ਦੁਆਰਾ ਪ੍ਰੀਖਿਆਵਾਂ ਦੀ ਅਨੁਸੂਚੀ ਨੂੰ ਨਹੀਂ ਅਪਣਾਇਆ ਗਿਆ।

ਕਨਵੋਕੇਸ਼ਨ।

34. ਯੂਨੀਵਰਸਿਟੀ ਦੀ ਕਨਵੋਕੇਸ਼ਨ ਹਰ ਅਕਾਦਮਿਕ ਸਾਲ ਵਿੱਚ ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਜਾਂ ਕਿਸੇ ਹੋਰ ਅਕਾਦਮਿਕ ਉਪਾਧੀਆਂ ਦੇਣ ਲਈ ਜਾਂ ਕਿਸੇ ਹੋਰ ਪ੍ਰਯੋਜਨ ਲਈ ਅਜਿਹੀ ਵਿਧੀ ਅਨੁਸਾਰ ਕੀਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਸਬੰਧਤ ਅਥਾਰਟੀਆਂ ਅਤੇ ਬੌਡੀਆਂ ਦੇ ਝਗੜੇ।

35. ਜੇ ਕਿਸੇ ਵਿਅਕਤੀ ਦੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦਾ ਮੈਂਬਰ ਹੋਣ ਸਬੰਧੀ ਉਸਦੀ ਨਿਯੁਕਤੀ ਜਾਂ ਹੱਕ ਦੇ ਸਬੰਧ ਵਿੱਚ ਕੋਈ ਝਗੜਾ ਪੈਦਾ ਹੁੰਦਾ ਹੈ ਤਾਂ ਅਜਿਹਾ ਝਗੜਾ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ ਤੇ ਉਸਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

36. ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਝਗੜਾ ਪੈਦਾ ਹੁੰਦਾ ਹੈ ਤਾਂ ਰਾਜ ਸਰਕਾਰ ਚਾਂਸਲਰ ਨਾਲ ਮਸ਼ਵਰਾ ਕਰਕੇ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਅਤੇ ਜੋ ਉਸ ਨੂੰ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਪਿੱਛੋਂ ਇਸ ਧਾਰਾ ਅਧੀਨ ਕੋਈ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

37. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅੰਤਰਕਾਲੀ ਉਪਬੰਧ।

38. ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੋਸਾਇਟੀ, ਫੰਡਾਂ ਦੀ ਉਪਲੱਬਧਤਾ ਹੋਣ ਦੇ ਤਾਬੇ, ਇਸ ਐਕਟ ਜਾਂ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨਾਂ ਲਈ, ਯੂਨੀਵਰਸਿਟੀ ਦੇ ਸਾਰੇ ਕਾਰਜ ਜਾਂ ਕਿਸੇ ਇੱਕ ਕਾਰਜ ਦਾ ਨਿਸਤਾਰਾ ਕਰ ਸਕਦੀ ਹੈ ਅਤੇ ਉਸ ਪ੍ਰਯੋਜਨ ਲਈ, ਜਦੋਂ ਤੱਕ ਅਜਿਹੀ ਅਥਾਰਟੀ ਹੋਂਦ ਵਿੱਚ ਨਹੀਂ ਆ ਜਾਂਦੀ ਜਾਂ ਕੋਈ ਅਜਿਹਾ ਅਧਿਕਾਰੀ ਨਿਯੁਕਤ ਨਹੀਂ ਹੋ ਜਾਂਦਾ, ਸੋਸਾਇਟੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦੀ ਹੈ ਅਤੇ ਅਜਿਹੇ ਕਰਤੱਵਾਂ ਨੂੰ ਨਿਭਾ ਸਕਦੀ ਹੈ ਜਿਹੜੇ ਇਸ ਐਕਟ ਜਾਂ ਅਜਿਹੇ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਦੁਆਰਾ ਨਿਭਾਏ ਜਾਣੇ ਹੁੰਦੇ ਹਨ।

ਦੇਵਿੰਦਰ ਕੁਮਾਰ ਗੁਪਤਾ,
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3488/8-2025/Pb. Govt. Press, S.A.S. Nagar.*

**ਭਾਗ-1**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 26 ਅਗਸਤ, 2025

**ਨੰ. 32/ਭ:ਕ/2025.-** ਰਿਮਟ ਯੂਨੀਵਰਸਿਟੀ ਐਕਟ, 2015 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 26th August, 2025

**No. 32/L.C./2025.-** The Translation in Punjabi of the RIMT University Act, 2015 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਰਿਮਟ ਯੂਨੀਵਰਸਿਟੀ ਐਕਟ, 2015

(2015 ਦਾ ਪੰਜਾਬ ਐਕਟ ਨੰ. 31)

ਪੰਜਾਬ ਰਾਜ ਵਿੱਚ ਪੇਸ਼ੇਵਰ, ਡਾਕਟਰੀ, ਤਕਨੀਕੀ, ਆਮ ਸਿੱਖਿਆ, ਭਾਸ਼ਾ ਅਤੇ ਸਾਹਿਤ ਅਤੇ ਇਸ ਨਾਲ ਸਬੰਧਤ ਅਤੇ ਉਸਦੇ ਅਨੁਸੰਗਕ ਮਾਮਲਿਆਂ ਸਮੇਤ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਸਿੱਖਿਆ, ਅਧਿਆਪਨ, ਵਿੱਦਿਆ, ਖੋਜ, ਸਿਖਲਾਈ ਅਤੇ ਸਾਰੇ ਪੱਧਰਾਂ ਦੀਆਂ ਸਬੰਧਤ ਗਤੀਵਿਧੀਆਂ ਦੀ ਵਿਵਸਥਾ ਕਰਨ ਦੇ ਪ੍ਰਯੋਜਨਾਂ ਨਾਲ ਰਿਮਟ ਯੂਨੀਵਰਸਿਟੀ, ਪੰਜਾਬ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਯੂਨੀਵਰਸਿਟੀ ਸਥਾਪਤ ਅਤੇ ਨਿਗਮਤ ਕਰਨ ਲਈ ਇੱਕ ਐਕਟ;

ਜਦੋਂ ਕਿ ਸੋਸਾਇਟੀਜ਼ ਰਜਿਸਟਰੇਸ਼ਨ ਐਕਟ, 1860 (1860 ਦਾ XXI) ਅਧੀਨ ਸ੍ਰੀ ਓਮ ਪ੍ਰਕਾਸ਼ ਬਾਂਸਲ ਵਿੱਦਿਅਕ ਅਤੇ ਸਮਾਜ ਭਲਾਈ ਟਰੱਸਟ ਵੱਲੋਂ ਪੰਜਾਬ ਨਿੱਜੀ ਯੂਨੀਵਰਸਿਟੀਆਂ ਨੀਤੀ, 2010 ਦੇ ਆਧਾਰ 'ਤੇ ਪੰਜਾਬ ਰਾਜ ਵਿੱਚ ਸਵੈ-ਵਿੱਤੀ ਪੋਸ਼ਣ ਨਾਲ ਉਚੇਰੀ ਸਿੱਖਿਆ ਦੇ ਸਾਰੇ ਪੱਧਰਾਂ ਤੇ ਸਾਰੇ ਸਮਯੋਗਤਾ ਵਰਗਾਂ ਵਿੱਚ ਵਿਵਸਥਾ ਕਰਨ ਸੰਬੰਧੀ ਯੂਨੀਵਰਸਿਟੀ ਸਥਾਪਤ ਕਰਨ ਲਈ ਰਾਜ ਸਰਕਾਰ ਨੂੰ ਤਜ਼ਵੀਜ਼ ਪੇਸ਼ ਕੀਤੀ ਗਈ ਸੀ;

ਜਦੋਂ ਕਿ ਰਾਜ ਸਰਕਾਰ ਉਕਤ ਟਰੱਸਟ ਦੀ ਤਜ਼ਵੀਜ਼ ਨੂੰ ਧਿਆਨ ਨਾਲ ਵਿਚਾਰਦੇ ਹੋਏ ਇਸ ਨਤੀਜੇ ਤੇ ਪਹੁੰਚੀ ਕਿ ਉਕਤ ਟਰੱਸਟ ਯੂਨੀਵਰਸਿਟੀ ਸਥਾਪਤ ਕਰਨ ਅਤੇ ਉਸਨੂੰ ਚਲਾਉਣ ਦੇ ਯੋਗ ਹੈ ਅਤੇ ਇਸ ਅਨੁਸਾਰ ਹੀ ਰਾਜ ਸਰਕਾਰ ਵੱਲੋਂ ਦਰਸਾਈ ਗਈ ਨਿੱਜੀ ਯੂਨੀਵਰਸਿਟੀ ਸਥਾਪਤ ਕਰਨ ਲਈ ਉਹਨਾਂ ਦੀ ਤਜ਼ਵੀਜ਼ ਪ੍ਰਵਾਨ ਕਰ ਲਈ ਗਈ ਹੈ;

ਅਤੇ ਜਦੋਂ ਕਿ ਉਕਤ ਹਵਾਲਾ ਕੀਤੇ ਗਏ ਹਾਲਾਤਾਂ ਵਿੱਚ, ਉਪਰੋਕਤ ਦਰਸਾਏ ਗਏ ਪ੍ਰਯੋਜਨਾਂ ਲਈ ਰਿਮਟ ਯੂਨੀਵਰਸਿਟੀ ਦੀ ਜਲਦੀ ਸਥਾਪਨਾ ਕਰਨੀ ਉੱਚਿਤ ਸਮਝੀ ਜਾਂਦੀ ਹੈ।

ਭਾਰਤ ਗਣਰਾਜ ਦੇ ਛਿਆਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:–

ਸੰਖੇਪ ਨਾਂ ਅਤੇ ਅਰੰਭ ।

1. (1) ਇਸ ਐਕਟ ਨੂੰ ਰਿਮਟ ਯੂਨੀਵਰਸਿਟੀ ਐਕਟ, 2015 ਕਿਹਾ ਜਾ ਸਕੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

ਪਰਿਭਾਸ਼ਾਵਾਂ ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,—

(ੳ) "ਅਕਾਦਮਿਕ ਕੌਂਸਲ" ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) "ਅਥਾਰਟੀਆਂ" ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) "ਪ੍ਰਬੰਧ ਬੋਰਡ" ਦਾ ਮਤਲਬ ਹੈ ਯੂਨੀਵਰਸਿਟੀ ਦਾ ਪ੍ਰਬੰਧ ਬੋਰਡ;

(ਸ) "ਅਧਿਐਨ ਬੋਰਡ" ਦਾ ਮਤਲਬ ਹੈ ਸ਼ਾਸਕ ਬੌਡੀ ਦੁਆਰਾ ਗਠਤ ਕੀਤੀ ਗਈ ਇੱਕ ਬੌਡੀ;

(ਹ) "ਕੈਂਪਸ" ਦਾ ਮਤਲਬ ਹੈ ਜੁੜਵਾਂ ਖੇਤਰ ਜਿਸ ਵਿੱਚ ਯੂਨੀਵਰਸਿਟੀ ਸਥਿਤ ਹੈ;

(ਕ) "ਚੇਅਰਮੈਨ" ਦਾ ਮਤਲਬ ਹੈ ਟਰੱਸਟ ਦਾ ਚੇਅਰਮੈਨ;

(ਖ) "ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਗ) "ਮੁੱਖ ਵਿੱਤ ਅਤੇ ਲੇਖਾ ਅਧਿਕਾਰੀ" ਦਾ ਮਤਲਬ ਹੈ ਯੂਨੀਵਰਸਿਟੀ ਦਾ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ;

(ਘ) "ਡੀਨ" ਦਾ ਮਤਲਬ ਹੈ ਯੂਨੀਵਰਸਿਟੀ ਦਾ ਡੀਨ;

(ਙ) "ਸ਼ਾਸਕ ਬੌਡੀ" ਦਾ ਮਤਲਬ ਹੈ ਯੂਨੀਵਰਸਿਟੀ ਦੀ ਸ਼ਾਸਕ ਬੌਡੀ;

(ਚ) "ਸੰਸਥਾ" ਦਾ ਮਤਲਬ ਹੈ ਕੈਂਪਸ ਅੰਦਰ ਯੂਨੀਵਰਸਿਟੀ ਦੁਆਰਾ ਚਲਾਈ ਜਾ ਰਹੀ ਜਾਂ ਪ੍ਰਬੰਧ ਕੀਤੀ ਗਈ ਕੋਈ ਸੰਸਥਾ ਜਾਂ ਕਾਲਜ ਜਾਂ ਅਕਾਦਮਿਕ ਕੇਂਦਰ (ਜੋ ਕਿ ਕਿਸੇ ਵੀ ਨਾਂ ਨਾਲ ਜਾਣਿਆ ਜਾਂਦਾ ਹੋਵੇ);

(ਛ) "ਮੁਕੱਰਰ" ਦਾ ਮਤਲਬ ਹੈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ;

(ਜ) "ਰਜਿਸਟਰਾਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਝ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਞ) "ਪ੍ਰਵਿਧਾਨਾਂ", "ਆਰਡੀਨੈਂਸ" ਅਤੇ "ਵਿਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬਣੇ ਯੂਨੀਵਰਸਿਟੀ ਦੇ ਪ੍ਰਵਿਧਾਨ, ਆਰਡੀਨੈਂਸ ਅਤੇ ਵਿਨਿਯਮ;

(ਟ) "ਅਧਿਆਪਕ" ਜਿਸ ਵਿੱਚ ਪ੍ਰੋਫ਼ੈਸਰ, ਰੀਡਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਅਤੇ ਕੋਈ ਵੀ ਅਜਿਹਾ ਹੋਰ ਵਿਅਕਤੀ, ਜੋ ਯੂਨੀਵਰਸਿਟੀ ਵਿੱਚ ਸਿੱਖਿਆ ਦਿੰਦਾ ਹੈ, ਸ਼ਾਮਲ ਹਨ;

(ਠ) "ਟਰੱਸਟ" ਦਾ ਮਤਲਬ ਹੈ ਸੋਸਾਇਟੀ ਰਜਿਸਟ੍ਰੇਸ਼ਨ ਐਕਟ, 1860 (1860 ਦਾ XXI) ਅਧੀਨ ਰਜਿਸਟਰਡ ਸ੍ਰੀ ਓਮ ਪ੍ਰਕਾਸ਼ ਬਾਂਸਲ ਵਿੱਦਿਅਕ ਅਤੇ ਸਮਾਜ ਭਲਾਈ ਟਰੱਸਟ;

(ਡ) "ਯੂਨੀਵਰਸਿਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਿਤ ਰਿਮਟ ਯੂਨੀਵਰਸਿਟੀ;

(ਢ) "ਵਾਈਸ-ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ; ਅਤੇ

(ਣ) "ਵਿਜ਼ਿਟਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਜ਼ਿਟਰ।

ਯੂਨੀਵਰਸਿਟੀ ਦੀ ਸਥਾਪਨਾ ।

3. (1) ਪੰਜਾਬ ਰਾਜ ਵਿੱਚ ਰਿਮਟ ਯੂਨੀਵਰਸਿਟੀ ਦੇ ਨਾਂ ਨਾਲ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ।

(2) ਯੂਨੀਵਰਸਿਟੀ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਟਰੱਸਟ ਦੁਆਰਾ ਚਲਾਈ ਅਤੇ ਉਸ ਦੁਆਰਾ ਉਸਦਾ ਪ੍ਰਬੰਧ ਕੀਤਾ ਜਾਵੇਗਾ।

(3) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਨਾਂ ਦੁਆਰਾ ਇੱਕ ਨਿਗਮਤ ਬੌਡੀ ਹੋਵੇਗੀ ਅਤੇ ਇਸਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇਸਦੀ ਇੱਕ ਸਾਂਝੀ ਮੁਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਨੂੰ ਅਰਜਤ ਕਰਨ, ਧਾਰਨ ਕਰਨ ਅਤੇ ਉਸਦਾ ਨਿਬੇੜਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਯੂਨੀਵਰਸਿਟੀ ਦਾ ਮੁੱਖ-ਦਫ਼ਤਰ ਐੱਨ.ਐੱਚ-1, ਫਲੋਟਿੰਗ ਰੈਸਟੋਰੈਂਟ ਦੇ ਸਾਹਮਣੇ, ਗ੍ਰੈਂਡ ਟਰੰਕ ਰੋਡ, ਸਰਹਿੰਦ ਵਾਲੇ ਪਾਸੇ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ ਵਿਖੇ ਹੋਵੇਗਾ।

(5) ਯੂਨੀਵਰਸਿਟੀ ਸਵੈ- ਵਿੱਤੀ ਪੋਸ਼ਣ ਹੋਵੇਗੀ ਅਤੇ ਇਹ ਰਾਜ ਸਰਕਾਰ ਪਾਸੋਂ ਕੋਈ ਗ੍ਰਾਂਟ ਜਾਂ ਹੋਰ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੀ ਹੱਕਦਾਰ ਨਹੀਂ ਹੋਵੇਗੀ।

ਯੂਨੀਵਰਸਿਟੀ ਦੇ ਉਦੇਸ਼ ।

4. ਯੂਨੀਵਰਸਿਟੀ ਦੇ ਹੇਠ ਲਿਖੇ ਉਦੇਸ਼ ਹੋਣਗੇ,—

(i) ਸਮਾਜ ਅਤੇ ਉਦਯੋਗ ਦੀਆਂ ਆਮ ਜਰੂਰਤਾਂ ਅਨੁਸਾਰ, ਜਿਵੇਂ ਕਿ ਯੂਨੀਵਰਸਿਟੀ ਦੁਆਰਾ ਸਿੱਖਿਆ ਦੀਆਂ ਸਾਰੀਆਂ ਵਿਧੀਆਂ ਰਾਹੀਂ ਜ਼ਰੂਰੀ ਸਮਝਿਆ ਜਾਵੇ, ਜੋ ਭਵਿੱਖ ਵਿੱਚ ਉਭਰ ਸਕਦੇ ਹਨ ਜਾਂ ਸੁਸੰਗਤ ਬਣ ਸਕਦੇ ਹਨ, ਉੱਚ ਸਿੱਖਿਆ ਦੇ ਸਾਰੇ ਵਿਸ਼ਿਆਂ ਵਿੱਚ ਸਾਰੇ ਪੱਧਰਾਂ ਤੇ ਅਤੇ ਕੋਈ ਹੋਰ ਸਮਯੋਗਤਾ ਵਰਗ ਅਤੇ ਵਿਸ਼ੇ ਵਿੱਚ ਹਦਾਇਤ, ਅਧਿਆਪਨ, ਸਿੱਖਿਆ, ਖੋਜ ਅਤੇ ਸਿਖਲਾਈ ਪ੍ਰਦਾਨ ਕਰਨਾ ਜਿਸ ਵਿੱਚ ਪੇਸ਼ੇਵਰ, ਮੈਡੀਕਲ, ਤਕਨੀਕੀ, ਆਮ ਸਿੱਖਿਆ ਸ਼ਾਮਲ ਹਨ;

(ii) ਪੇਂਡੂ ਵਿਦਿਆਰਥੀਆਂ ਦੇ ਅਕਾਦਮਿਕ ਟੀਚਿਆਂ ਨੂੰ ਪ੍ਰਫੁੱਲਤ ਕਰਨਾ;

(iii) ਉਦਯੋਗ-ਅਧਾਰਤ ਅਧਿਆਪਨ, ਸਿਖਲਾਈ ਅਤੇ ਖੋਜ ਦੇ ਵਿਸਤਾਰ ਪ੍ਰੋਗਰਾਮਾਂ ਨੂੰ ਆਪਣੇ ਜ਼ਿੰਮੇ ਲੈਣਾ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਦੇਣ ਦੀ ਦ੍ਰਿਸ਼ਟੀ ਤੋਂ ਰੁਜ਼ਗਾਰਯੋਗ ਹੁਨਰ ਪ੍ਰਦਾਨ ਕਰਨਾ;

(iv) ਗਿਆਨ, ਬੁੱਧੀ ਅਤੇ ਸਮਝ ਦੀ ਖੋਜ, ਸਿਰਜਣਾ, ਉੱਨਤੀ ਅਤੇ ਪ੍ਰਸਾਰ ਕਰਨ ਲਈ ਵਿਵਸਥਾ ਕਰਨਾ;

(v) ਅਕਾਦਮਿਕ ਉਦਯੋਗ ਸੰਬੰਧ ਲਈ ਮੁੱਖ ਉਦਯੋਗਿਕ ਘਰਾਣਿਆਂ ਨੂੰ ਕੈਂਪਸਾਂ ਵਿੱਚ ਉਹਨਾਂ ਦੇ ਸੰਬੰਧਤ ਨਿਗਮਤ ਸੰਸਥਾਵਾਂ ਨੂੰ ਸਥਾਪਤ ਕਰਨ ਲਈ ਉਤਸ਼ਾਹਿਤ ਤੇ ਪ੍ਰੇਰਿਤ ਕਰਨਾ;

(vi) ਗਿਆਨ ਦਾ ਪ੍ਰਸਾਰ ਕਰਨਾ ਤਾਂ ਜੋ ਇਸ ਨੂੰ ਸਮਾਜ ਦੇ ਹਰ ਸ਼੍ਰੇਣੀ ਤੱਕ ਪਹੁੰਚਯੋਗ ਬਣਾਇਆ ਜਾ ਸਕੇ;

(vii) ਪੰਜਾਬੀ ਅਧਿਐਨ ਨੂੰ ਤਰੱਕੀ ਦੇਣਾ, ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਖੋਜ ਲਈ ਵਿਵਸਥਾ ਕਰਨਾ ਅਤੇ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੇ ਵਿਕਾਸ ਲਈ ਉਪਾਅ ਕਰਨੇ; ਅਤੇ

(viii) ਅਜਿਹੇ ਸਭ ਕਾਰਜ ਕਰਨੇ ਜਿਵੇਂ ਕਿ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਵਧਾਵਾ ਦੇਣ ਲਈ ਜ਼ਰੂਰੀ ਜਾਂ ਵਾਂਛਣੀ ਹੋਣ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

5. ਯੂਨੀਵਰਸਿਟੀ ਦੀਆਂ ਹੇਠ ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ ਜੋ ਕਿ ਉਸ ਦੁਆਰਾ ਜਾਂ ਉਸਦੇ ਅਧਿਕਾਰੀਆਂ ਅਤੇ ਅਥਾਰਟੀਆਂ ਦੁਆਰਾ ਵਰਤੋਂ ਕੀਤੀਆਂ ਜਾਣਗੀਆਂ ਅਤੇ ਨਿਭਾਏ ਜਾਣਗੇ, ਅਰਥਾਤ:–

(i) ਅਧਿਐਨ, ਅਧਿਆਪਨ, ਸਿਖਲਾਈ, ਖੋਜ, ਸਲਾਹ-ਮਸ਼ਵਰੇ ਦੇ ਕੋਰਸਾਂ ਨੂੰ ਸ਼ੁਰੂ ਕਰਨ ਸੰਬੰਧੀ (ਪਾਠਕ੍ਰਮ ਨੂੰ ਅਪਣਾਉਣ ਅਤੇ ਆਧੁਨਿਕ ਬਣਾਉਣ ਸਮੇਤ) ਅਤੇ ਇਹਨਾਂ ਕੋਰਸਾਂ ਨਾਲ ਸੰਬੰਧਤ ਆਨਲਾਈਨ ਸਿੱਖਿਆ ਦੇ ਤਰੀਕਿਆਂ ਸਮੇਤ, ਰਵਾਇਤੀ ਅਤੇ ਨਾਲ-ਨਾਲ ਨਵੇਂ ਨਵੀਨਕਾਰੀ ਤਰੀਕਿਆਂ ਰਾਹੀਂ ਮਾਨਤਾ ਅਤੇ ਸੰਬੰਧੀਕਰਨ ਪ੍ਰਦਾਨ ਕਰਨ ਲਈ ਸਾਰੇ ਉਪਾਅ ਕਰਨੇ ਅਤੇ ਵਿਵਸਥਾਵਾਂ ਕਰਨੀਆਂ;

(ii) ਡਾਕਟਰੇਟ, ਮਾਸਟਰਜ਼, ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਪ੍ਰਦਾਨ ਕਰਨ ਜਾਂ ਦੇਣ ਲਈ ਪ੍ਰੀਖਿਆਵਾਂ ਕਰਵਾਉਣੀਆਂ;

(iii) ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ, ਅਸਿਸਟੈਂਟ ਪ੍ਰੋਫੈਸਰ, ਰੀਡਰ, ਲੈਕਚਰਾਰ ਜਾਂ ਇਸਦੇ ਬਰਾਬਰ ਦੇ ਕਿਸੇ ਹੋਰ ਅਹੁਦੇ ਨੂੰ ਸੰਸਥਿਤ ਅਤੇ ਪ੍ਰਦਾਨ ਕਰਨਾ ਜਿਵੇਂ ਕਿ ਯੂਨੀਵਰਸਿਟੀ ਦੁਆਰਾ ਇਸਦੇ ਕੈਂਪਸ ਜਾਂ ਇਸਦੀਆਂ ਸੰਸਥਾਵਾਂ ਵਿੱਚ ਜ਼ਰੂਰਤ ਹੋਵੇ ਅਤੇ ਵਿਅਕਤੀਆਂ ਦੀ ਅਜਿਹੇ ਤੌਰ ਤੇ ਨਿਯੁਕਤੀ ਕਰਨੀ;

(iv) ਫੈਲੋਸ਼ਿਪਾਂ, ਵਜ਼ੀਫੇ, ਵਿਦਿਆਰਥੀ-ਵਜੀਫ਼ੇ, ਪ੍ਰਦਰਸ਼ਨੀ ਸੰਸਥਿਤ ਕਰਨਾ ਅਤੇ ਐਵਾਰਡ ਦੇਣਾ, ਜਿਵੇਂ ਕਿ ਮੁਕੱਰਰ ਕੀਤਾ ਹੋਵੇ;

(v) ਉਨ੍ਹਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਨੇ ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਜਾਂ ਪਰਿਸ਼ਦ ਜਾਂ ਕਿਸੇ ਹੋਰ ਸ਼ਕਤਵਾਨ ਅਥਾਰਟੀ ਤੋਂ ਅੰਸ਼ਕ ਜਾਂ ਪੂਰਨ ਤੌਰ ਤੇ ਕੋਰਸ ਪੂਰੇ ਕਰਨ ਵਾਲੇ ਵਿਦਿਆਰਥੀਆਂ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਨੂੰ ਬਰਾਬਰਤਾ ਪ੍ਰਦਾਨ ਕਰਨੀ;

(vi) ਪਰਸਪਰ ਆਧਾਰ 'ਤੇ ਦੂਜੀਆਂ ਯੂਨੀਵਰਸਿਟੀਆਂ ਦੀ ਤੁਲਨਾ ਵਿੱਚ ਦੋਹਰੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰਦਾਨ ਕਰਨਾ;

(vii) ਕੈਂਪਸ ਦੇ ਅੰਦਰ ਕੇਂਦਰੀ ਲਾਇਬਰੇਰੀ, ਵਿਭਾਗੀ ਲਾਇਬਰੇਰੀਆਂ, ਅਜਾਇਬ ਘਰ ਅਤੇ ਸਮਵਰਤੀ ਮਾਮਲਿਆਂ ਨੂੰ ਸਥਾਪਤ ਕਰਨਾ;

(viii) ਫੀਸਾਂ ਅਤੇ ਹੋਰ ਖ਼ਰਚਿਆਂ ਦੀ ਮੰਗ ਕਰਨਾ ਅਤੇ ਉਗਰਾਹੁਣਾ, ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ;

(ix) ਯੂਨੀਵਰਸਿਟੀ ਦੇ ਪੱਖ ਵਿੱਚ ਬਣਾਏ ਗਏ ਟਰੱਸਟ ਅਤੇ ਇੰਡੋਮੈਂਟਾਂ ਦੇ ਫ਼ੰਡਾਂ ਨੂੰ ਧਾਰਨ ਕਰਨਾ, ਉਸਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੀ ਵਰਤੋਂ ਕਰਨਾ;

(x) ਸਨਮਾਨਸੂਚਕ ਡਿਗਰੀਆਂ ਸੰਸਥਿਤ ਅਤੇ ਪ੍ਰਦਾਨ ਕਰਨਾ, ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ;

(xi) ਅਕਾਦਮਿਕ ਉੱਤਮਤਾ ਦੇ ਕੰਮਾਂ ਨੂੰ ਛਾਪਣਾ ਅਤੇ ਪ੍ਰਕਾਸ਼ਤ ਕਰਨਾ ਅਤੇ ਉੱਤਮਤਾ ਦੀਆਂ ਚੇਅਰਾਂ ਸਥਾਪਤ ਕਰਨਾ;

(xii) ਸਮਾਜ ਦੇ ਵਿੱਦਿਅਕ ਤੌਰ 'ਤੇ ਪਛੜੇ ਵਰਗਾਂ ਵਿੱਚ ਵਿੱਦਿਅਕ ਸਹੂਲਤਾਂ ਦੇ ਪਸਾਰ ਲਈ ਵਿਸ਼ੇਸ਼ ਉਪਾਅ ਕਰਨਾ;

(xiii) ਖੇਡਾਂ ਨੂੰ ਉਤਸ਼ਾਹਿਤ ਅਤੇ ਪ੍ਰਫੁੱਲਤ ਕਰਨਾ;

(xiv) ਤਕਨੀਕੀ, ਪ੍ਰਸ਼ਾਸਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਅਸਾਮੀਆਂ ਦੀ ਸਿਰਜਣਾ ਕਰਨੀ ਅਤੇ ਉਨ੍ਹਾਂ 'ਤੇ ਨਿਯੁਕਤੀਆਂ ਕਰਨੀਆਂ;

(xv) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਹੋਰ ਕੇਂਦਰੀ ਜਾਂ ਰਾਜ ਏਜੰਸੀਆਂ ਤੋਂ ਗ੍ਰਾਂਟਾਂ ਪ੍ਰਾਪਤ ਕਰਨਾ;

(xvi) ਯੂਨੀਵਰਸਿਟੀ ਲਈ ਪੇਸ਼ਗੀ ਰਕਮ ਨੂੰ ਪ੍ਰਾਪਤ ਕਰਨਾ ਅਤੇ ਉਧਾਰ ਲੈਣਾ;

(xvii) ਖੇਤੀਬਾੜੀ, ਉਦਯੋਗ ਅਤੇ ਕਾਰੋਬਾਰ ਦੇ ਬਾਰੇ ਪਰਸਪਰ ਤੌਰ 'ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ 'ਤੇ ਖੋਜ ਪ੍ਰੋਜੈਕਟ ਦਾ ਜ਼ਿੰਮਾ ਲੈਣਾ;

(xviii) ਸਲਾਹਕਾਰ ਸੇਵਾਵਾਂ ਪ੍ਰਦਾਨ ਕਰਨਾ;

(xix) ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਦੇ ਸ਼ਖ਼ਸੀਅਤ ਵਿਕਾਸ ਲਈ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਫੁੱਲਤ ਕਰਨਾ;

(xx) ਯੂਨੀਵਰਸਿਟੀ ਵਿੱਚ ਨਿਹਿਤ ਜਾਂ ਯੂਨੀਵਰਸਿਟੀ ਨਾਲ ਸੰਬੰਧਤ ਕਿਸੇ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਖਰੀਦਣਾ, ਅਰਜਤ ਕਰਨਾ ਅਤੇ ਪੱਟੇ ਤੇ ਲੈਣਾ ਜਾਂ ਰਹਿਨ ਕਰਨਾ ਅਤੇ ਕਿਸੇ ਵੀ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਵੇਚਣਾ, ਪੱਟੇ ਤੇ ਦੇਣਾ, ਰਹਿਨ ਕਰਨਾ, ਹੱਥ-ਬਦਲੀ ਕਰਨਾ ਅਤੇ ਮੁੰਤਕਿਲ ਕਰਨਾ;

(xxi) ਵਿਦਿਆਰਥੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫ਼ੀਸ ਢਾਂਚਾ ਮੁਕੱਰਰ ਕਰਨਾ;

(xxii) ਪਰਸਪਰ ਤੌਰ 'ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ 'ਤੇ ਹੋਰ ਸੰਸਥਾਵਾਂ ਨਾਲ ਮਿਲਵਰਤਨ ਚਾਹੁਣਾ;

(xxiii) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿੱਖਤ ਕੀਤੇ ਗਏ ਮਾਪਾਂ ਅਨੁਸਾਰ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਆਪਕਾਂ ਦੀਆਂ ਤਨਖਾਹਾਂ, ਮਿਹਨਤਾਨੇ, ਮਾਣਭੱਤੇ ਨੂੰ ਨਿਸ਼ਚਤ ਕਰਨਾ, ਨਿਰਧਾਰਤ ਕਰਨਾ ਅਤੇ ਮੁਹੱਈਆ ਕਰਵਾਉਣਾ;

(xxiv) ਰਾਜ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਬਣਾਈ ਗਈ ਕਿਸੇ ਹੋਰ ਬੌਡੀ ਪਾਸੋਂ ਸਵੈ-ਤਸਦੀਕ ਕਰਨ ਲਈ ਕਿਸੇ ਆਗਿਆ, ਪ੍ਰਵਾਨਗੀ, ਲਸੰਸ, ਸਰਟੀਫਿਕੇਟ, ਇਤਰਾਜ਼-ਹੀਣਤਾ ਸਰਟੀਫਿਕੇਟ ਜਾਂ ਅਖ਼ਤਿਆਰ ਪ੍ਰਾਪਤ ਕਰਨ ਤੋਂ ਛੋਟ ਦਿੱਤੀ ਜਾਵੇਗੀ;

(xxv) ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਪ੍ਰਵਿਧਾਨ, ਆਰਡੀਨੈਂਸ ਅਤੇ ਵਿਨਿਯਮ ਬਣਾਉਣੇ; ਅਤੇ

(xxvi) ਅਜਿਹੇ ਹੋਰ ਸਭ ਕਾਰਜ ਕਰਨਾ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਣੀ ਹੋ ਸਕਦੇ ਹੋਣ।

ਯੂਨੀਵਰਸਿਟੀ ਦਾ ਅਧਿਕਾਰ-ਖੇਤਰ।

6. (1) ਯੂਨੀਵਰਸਿਟੀ ਇਸਦੇ ਕੈਂਪਸ ਦੇ ਅੰਦਰ ਹੀ ਅਧਿਕਾਰਤਾ ਦੀ ਵਰਤੋਂ ਕਰੇਗੀ।

(2) ਯੂਨੀਵਰਸਿਟੀ ਉਨ੍ਹਾਂ ਸਿੱਖਿਅਕ ਜਾਂ ਪੇਸ਼ਾਵਰ ਸੰਸਥਾਵਾਂ ਨੂੰ ਆਪਣੇ ਨਾਲ ਸੰਬੱਧ ਕਰੇਗੀ ਜਿਹੜੀਆਂ ਕੈਂਪਸ ਅੰਦਰ ਟਰੱਸਟ ਦੁਆਰਾ ਸਥਾਪਤ ਕੀਤੀਆਂ, ਚਲਾਈਆਂ ਜਾਂਦੀਆਂ ਹਨ ਜਾਂ ਉਹਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜਿਸ ਦੇ ਸੰਬੰਧ ਵਿੱਚ ਟਰੱਸਟ ਦੁਆਰਾ ਵਿਸ਼ੇਸ਼ ਫੈਸਲਾ ਲਿਆ ਜਾਂਦਾ ਹੈ।

ਯੂਨੀਵਰਸਿਟੀ ਦੇ ਅਧਿਕਾਰੀ।

7. ਯੂਨੀਵਰਸਿਟੀ ਦੇ ਹੇਠ ਲਿਖੇ ਅਧਿਕਾਰੀ ਹੋਣਗੇ, ਅਰਥਾਤ:–

(i) ਵਿਜ਼ਿਟਰ;

(ii) ਚਾਂਸਲਰ;

(iii) ਵਾਈਸ-ਚਾਂਸਲਰ;

(iv) ਰਜਿਸਟਰਾਰ;

(v) ਫੈਕਲਟੀਆਂ ਦੇ ਡੀਨ;

(vi) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ; ਅਤੇ

(vii) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ, ਜਿਵੇਂ ਕਿ ਪ੍ਰਵਿਧਾਨਾਂ ਦੁਆਰਾ ਐਲਾਨ ਕੀਤੇ ਜਾਣ, ਯੂਨੀਵਰਸਿਟੀ ਦੇ ਅਧਿਕਾਰੀ ਹੋਣਗੇ।

ਵਿਜ਼ਿਟਰ। 8. (1) ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਵਿਜ਼ਿਟਰ ਹੋਵੇਗਾ।

(2) ਵਿਜ਼ਿਟਰ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(3) ਵਿਜ਼ਿਟਰ ਨੂੰ ਯੂਨੀਵਰਸਿਟੀ ਦੇ ਮਾਮਲਿਆਂ ਸੰਬੰਧੀ ਕੋਈ ਵੀ ਸੂਚਨਾ ਲੈਣ ਦਾ ਅਧਿਕਾਰ ਹੋਵੇਗਾ।

(4) ਵਿਜ਼ਿਟਰ, ਚਾਂਸਲਰ ਨਾਲ ਮਸ਼ਵਰਾ ਕਰਕੇ ਅਜਿਹੇ ਵਿਅਕਤੀ ਦੁਆਰਾ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾ ਸਕੇਗਾ, ਜਿਵੇਂ ਕਿ ਉਹ ਯੂਨੀਵਰਸਿਟੀ ਦੇ ਪ੍ਰਬੰਧਕੀ, ਅਕਾਦਮਿਕ ਜਾਂ ਕਾਰਜਕਾਰੀ ਮਾਮਲਿਆਂ ਦੇ ਸੰਬੰਧ ਵਿੱਚ ਨਿਰਦੇਸ਼ ਦੇ ਸਕਦਾ ਹੋਵੇ।

(5) ਵਿਜ਼ਿਟਰ, ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਆਪਣੇ ਇਰਾਦੇ ਸੰਬੰਧੀ ਹਰੇਕ ਮਾਮਲੇ ਵਿੱਚ ਯੂਨੀਵਰਸਿਟੀ ਨੂੰ ਨੋਟਿਸ ਦੇਵੇਗਾ ਅਤੇ ਜਿਹੀ ਕਿ ਸੂਰਤ ਹੋਵੇ, ਯੂਨੀਵਰਸਿਟੀ ਆਪਣਾ ਪ੍ਰਤੀਨਿਧ ਨਿਯੁਕਤ ਕਰੇਗੀ, ਜੋ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਸਮੇਂ ਹਾਜ਼ਰ ਰਹੇਗਾ।

(6) ਵਿਜ਼ਟਰ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਦੇ ਨਤੀਜਿਆਂ ਬਾਰੇ ਵਾਈਸ ਚਾਂਸਲਰ ਨੂੰ ਸੂਚਨਾ ਦੇ ਸਕੇਗਾ ਅਤੇ ਵਾਈਸ-ਚਾਂਸਲਰ ਵਿਜ਼ਿਟਰ ਦੇ ਵਿਚਾਰਾਂ ਦੇ ਨਾਲ ਅਜਿਹੀ ਸਲਾਹ ਤੇ ਜੋ ਵਿਜ਼ਟਰ ਵੱਲੋਂ ਦਿੱਤੀ ਗਈ ਹੋਵੇ ਅਤੇ ਅਜਿਹੀ ਸਲਾਹ 'ਤੇ ਕੀਤੀ ਗਈ ਕਾਰਵਾਈ ਸੰਬੰਧੀ ਸ਼ਾਸਕ ਬੌਡੀ ਨੂੰ ਸੂਚਨਾ ਦੇਵੇਗਾ।

(7) ਵਾਈਸ-ਚਾਂਸਲਰ, ਵਿਜ਼ਿਟਰ ਨੂੰ ਉਸ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ, ਜਾਂਚ-ਪੜਤਾਲ ਜਾਂ ਅਜਿਹੀ ਹੀ ਕਿਸੇ ਹੋਰ ਗੱਲ, ਜਿਹੀ ਕਿ ਸੂਰਤ ਹੋਵੇ, ਸੰਬੰਧੀ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਜਾਂ ਤਜਵੀਜ਼ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕਰੇਗਾ।

(8) ਜੇ ਰਾਜ ਸਰਕਾਰ ਲੋਕ ਹਿੱਤ ਵਿੱਚ ਯੂਨੀਵਰਸਿਟੀ ਜਾਂ ਉਸਦੀਆਂ ਸੰਸਥਾਵਾਂ ਨਾਲ ਸੰਬੰਧਤ ਕਿਸੇ ਮਾਮਲੇ ਵਿੱਚ, ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ, ਜਿਹੀ ਕਿ ਸੂਰਤ ਹੋਵੇ, ਕਰਵਾਉਣੀ ਉੱਚਿਤ ਸਮਝਦੀ ਹੈ, ਤਾਂ ਰਾਜ ਸਰਕਾਰ ਦੁਆਰਾ ਇਸ ਬਾਰੇ

ਵਿਜ਼ਿਟਰ ਨੂੰ ਹਵਾਲਾ ਕੀਤਾ ਜਾਵੇਗਾ, ਜੋ ਚਾਂਸਲਰ ਨਾਲ ਮਸ਼ਵਰਾ ਕਰਕੇ, ਅਜਿਹਾ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਕਰਵਾਏਗਾ।

9. (1) ਚੇਅਰਮੈਨ, ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਅਤੇ ਵਿਜ਼ਿਟਰ ਦੀ ਗੈਰਹਾਜ਼ਰੀ ਵਿੱਚ, ਚਾਂਸਲਰ ਯੂਨੀਵਰਸਿਟੀ ਦੇ ਕਸਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ। ਚਾਂਸਲਰ।

(2) ਚਾਂਸਲਰ ਸ਼ਾਸਕ ਬੌਡੀ ਦਾ ਚੇਅਰਮੈਨ ਹੋਵੇਗਾ ਅਤੇ ਉਹ ਆਪਣੇ-ਆਪ ਜਾਂ ਯੂਨੀਵਰਸਿਟੀ ਦੀ ਸੰਬੰਧਤ ਅਥਾਰਟੀ ਦੀ ਸਿਫ਼ਾਰਸ਼ ਤੇ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ, ਨਾਮਜ਼ਦਗੀਆਂ, ਹਟਾਏ ਜਾਣ, ਮੁਅੱਤਲੀਆਂ ਅਤੇ ਮੁੜ-ਬਹਾਲੀਆਂ ਕਰਨ ਦੀ ਪ੍ਰਵਾਨਗੀ ਦੇਵੇਗਾ।

(3) ਚਾਂਸਲਰ ਯੂਨੀਵਰਸਿਟੀ ਦੇ ਕਿਸੇ ਵੀ ਅਥਾਰਟੀ ਜਾਂ ਅਧਿਕਾਰੀ ਵੱਲੋਂ ਲਏ ਗਏ ਕਿਸੇ ਵੀ ਫ਼ੈਸਲੇ ਨੂੰ ਸੋਧ ਜਾਂ ਉਸਨੂੰ ਪਰਤਾ ਸਕੇਗਾ ਅਤੇ ਆਪਣੇ ਆਪ ਜਾਂ ਕਿਸੇ ਹੋਰ ਤਰ੍ਹਾਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਯੂਨੀਵਰਸਿਟੀ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਨੂੰ ਚੱਲਦੇ ਰੱਖਣ ਲਈ ਸਾਰੇ ਲੋੜੀਂਦੇ ਜਰੂਰੀ ਕੰਮ ਕਰ ਸਕੇਗਾ।

(4) ਚਾਂਸਲਰ ਕੋਲ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਹੋਰ ਸਾਰੇ ਕਾਰਜ ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਚਾਂਸਲਰ ਵੱਲੋਂ ਲਏ ਗਏ ਸਾਰੇ ਫੈਸਲੇ ਅੰਤਿਮ ਹੋਣਗੇ ਅਤੇ ਯੂਨੀਵਰਸਿਟੀ ਨਾਲ ਸੰਬੰਧਤ ਸਾਰਿਆਂ ਲਈ ਬੰਧਨਕਾਰੀ ਹੋਣਗੇ।

(5) ਜੇ, ਚਾਂਸਲਰ ਦੀ ਰਾਏ ਵਿੱਚ, ਯੂਨੀਵਰਸਿਟੀ ਦੇ ਕਿਸੇ ਵੀ ਅਧਿਕਾਰੀ ਜਾਂ ਅਥਾਰਟੀ ਦਾ ਕੋਈ ਫੈਸਲਾ ਇਸ ਐਕਟ ਜਾਂ ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਜਾਂ ਵਿਨਿਯਮਾਂ ਅਧੀਨ ਸੌਂਪੀਆਂ ਸ਼ਕਤੀਆਂ ਤੋਂ ਬਾਹਰ ਹੈ ਜਾਂ ਉਹਨਾਂ ਦਾ ਯੂਨੀਵਰਸਿਟੀ ਦੇ ਹਿੱਤਾਂ ਤੇ ਪ੍ਰਤਿਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ, ਤਾਂ ਉਹ ਅਜਿਹੇ ਅਫ਼ਸਰ ਜਾਂ ਅਥਾਰਟੀ ਨੂੰ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ ਆਪਣੇ ਫੈਸਲੇ ਨੂੰ ਸੋਧਣ ਲਈ ਕਹੇਗਾ ਅਤੇ ਜੇ ਅਧਿਕਾਰੀ ਜਾਂ ਅਥਾਰਟੀ ਅਜਿਹੇ ਫੈਸਲੇ ਵਿੱਚ ਪੂਰਣ ਤੌਰ ਤੇ ਜਾਂ ਅੰਸ਼ਕ ਤੌਰ ਤੇ ਸੋਧ ਕਰਨ ਤੋਂ ਇਨਕਾਰ ਕਰਦੀ ਹੈ ਜਾਂ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ ਉਸ ਤੇ ਕੋਈ ਫੈਸਲਾ ਲੈਣ ਵਿੱਚ ਅਸਫਲ ਰਹਿੰਦੀ ਹੈ, ਤਾਂ ਉਸ ਮਾਮਲੇ ਵਿੱਚ ਚਾਂਸਲਰ ਦਾ ਫੈਸਲਾ ਅੰਤਿਮ ਹੋਵੇਗਾ।

(6) ਜੇ, ਕਿਸੇ ਵੀ ਸਮੇਂ, ਕਿਸੇ ਪ੍ਰਤੀਬੇਨਤੀ ਦੇ ਪ੍ਰਾਪਤ ਹੋਣ ਤੇ ਜਾਂ ਹੋਰ ਤਰ੍ਹਾਂ ਚਾਂਸਲਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਜਾਂ ਕੋਈ ਹੋਰ ਅਧਿਕਾਰੀ ਵੱਲੋਂ,—

(ੳ) ਇਸ ਐਕਟ ਅਧੀਨ ਜਾਂ ਹੋਰ ਤਰ੍ਹਾਂ ਉਸ ਤੇ ਅਰੋਪੇ ਗਏ ਕਿਸੇ ਕਰਤੱਵ ਨੂੰ ਨਿਭਾਉਣ ਵਿੱਚ ਕੋਤਾਹੀ ਕੀਤੀ ਗਈ ਹੈ; ਜਾਂ

(ਅ) ਕੋਈ ਕਾਰਵਾਈ ਇਸ ਤਰੀਕੇ ਨਾਲ ਕੀਤੀ ਗਈ ਹੈ ਜੋ ਕਿ ਯੂਨੀਵਰਸਿਟੀ ਦੇ ਹਿੱਤਾਂ ਦੇ ਪ੍ਰਤੀਕੂਲ ਹੈ; ਜਾਂ

(ੲ) ਯੂਨੀਵਰਸਿਟੀ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਵਿੱਚ ਅਸਮਰੱਥ ਹੈ, ਤਾਂ ਚਾਂਸਲਰ, ਇਸ ਤੱਥ ਦੇ ਹੁੰਦਿਆਂ ਹੋਇਆਂ ਵੀ ਕਿ ਉਸ ਅਧਿਕਾਰੀ ਦੀ ਅਉਧ ਅਜੇ ਪੂਰੀ ਨਹੀਂ ਹੋਈ ਹੈ, ਲਿਖਤੀ ਹੁਕਮਾਂ ਦੁਆਰਾ ਕਾਰਨ ਦੱਸਦੇ ਹੋਏ ਵਾਈਸ-ਚਾਂਸਲਰ ਜਾਂ ਅਧਿਕਾਰੀ ਨੂੰ ਉਸ ਤਰੀਕ ਤੋਂ ਜਿਵੇਂ ਕਿ ਹੁਕਮਾਂ ਵਿੱਚ ਉਲਿੱਖਤ ਕੀਤੀ ਗਈ ਹੋਵੇ, ਉਸ ਤੋਂ ਆਪਣਾ ਅਹੁਦਾ ਛੱਡਣ ਦੀ ਲੋੜਨਾ ਕਰ ਸਕਦਾ ਹੈ। ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਵੱਲੋਂ ਉਸ ਉਲਿੱਖਤ ਕੀਤੀ ਗਈ ਤਰੀਕ ਤੋਂ ਆਪਣਾ ਅਹੁਦਾ ਛੱਡਿਆ ਗਿਆ ਸਮਝਿਆ ਜਾਵੇਗਾ:

ਪ੍ਰੰਤੂ ਅਜਿਹਾ ਕੋਈ ਹੁਕਮ ਉਦੋਂ ਤੱਕ ਪਾਸ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਅਜਿਹੀ ਕਾਰਵਾਈ ਤਜ਼ਵੀਜ਼ਤ ਕਰਨ ਦੇ ਆਧਾਰਾਂ ਬਾਰੇ ਵਾਈਸ-ਚਾਂਸਲਰ ਨੂੰ ਜਾਂ ਸਬੰਧਤ ਅਧਿਕਾਰੀ ਨੂੰ ਸੂਚਿਤ ਨਹੀਂ ਕੀਤਾ ਜਾਂਦਾ ਹੈ ਅਤੇ ਉਸਨੂੰ ਉਸ ਤੇ ਸੁਣਵਾਈ ਦਾ ਵਾਜਬ ਮੌਕਾ ਨਹੀਂ ਦੇ ਦਿੱਤਾ ਜਾਂਦਾ ਹੈ।

ਵਾਈਸ-ਚਾਂਸਲਰ।

10. (1) ਵਾਈਸ-ਚਾਂਸਲਰ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ 'ਤੇ ਨਿਯੁਕਤ ਕੀਤਾ ਜਾਵੇਗਾ ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ।

(2) ਕਿਸੇ ਵੀ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿੱਖਤ ਕੀਤੀਆਂ ਗਈਆਂ ਕਾਬਲੀਅਤਾਂ ਨਾ ਹੋਣ।

(3) ਵਾਈਸ-ਚਾਂਸਲਰ ਸਮੁੱਚੇ ਰੂਪ ਵਿੱਚ ਯੂਨੀਵਰਸਿਟੀ ਦਾ ਇੰਚਾਰਜ ਹੋਵੇਗਾ, ਜੋ ਕਿ ਯੂਨੀਵਰਸਿਟੀ ਦੇ ਮਾਮਲਿਆਂ ਵਿੱਚ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਅਥਾਰਟੀਆਂ ਦੇ ਫੈਸਲਿਆਂ ਨੂੰ ਲਾਗੂ ਕਰੇਗਾ।

(4) ਵਿਜ਼ਿਟਰ ਅਤੇ ਚਾਂਸਲਰ ਦੀ ਗੈਰਹਾਜ਼ਰੀ ਦੀ ਸੂਰਤ ਵਿੱਚ, ਵਾਈਸ-ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) ਵਾਈਸ-ਚਾਂਸਲਰ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਾਜਕਾਰਾਂ ਨੂੰ ਨਿਭਾਏਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

11. (1) ਰਜਿਸਟਰਾਰ, ਚਾਂਸਲਰ ਦੁਆਰਾ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ 'ਤੇ ਨਿਯੁਕਤ ਕੀਤਾ ਜਾਵੇਗਾ, ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ। ਰਜਿਸਟਰਾਰ।

(2) ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਕਾਬਲੀਅਤਾਂ ਨਾ ਹੋਣ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿੱਖਤ ਕੀਤੀਆਂ ਗਈਆਂ ਹੋਣ।

(3) ਰਜਿਸਟਰਾਰ ਯੂਨੀਵਰਸਿਟੀ ਲਈ ਅਤੇ ਉਸ ਦੇ ਨਮਿੱਤ ਸਾਰੇ ਮੁਆਇਦਿਆਂ ਤੇ ਦਸਖ਼ਤ ਕਰੇਗਾ ਅਤੇ ਦਸਤਾਵੇਜ਼ਾਂ ਜਾਂ ਰਿਕਾਰਡ ਨੂੰ ਤਸਦੀਕ ਕਰੇਗਾ।

(4) ਰਜਿਸਟਰਾਰ ਸ਼ਾਸਕ ਬੌਡੀ, ਪ੍ਰਬੰਧਕੀ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਮੈਂਬਰ-ਸਕੱਤਰ ਹੋਵੇਗਾ, ਪ੍ਰੰਤੂ ਉਸ ਕੋਲ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(5) ਰਜਿਸਟਰਾਰ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਹੋਰ ਕਾਰਜ ਕਰੇਗਾ, ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ।

12. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਚਾਂਸਲਰ ਦੁਆਰਾ ਅਜਿਹੇ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ। ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ]

(2) ਕੋਈ ਵੀ ਵਿਅਕਤੀ ਉਦੋਂ ਤੱਕ ਮੁੱਖ ਵਿੱਤ ਅਤੇ ਲੇਖਾ ਅਫ਼ਸਰ ਦੇ ਤੌਰ ਤੇ ਨਿਯੁਕਤੀ ਲਈ ਯੋਗ ਨਹੀਂ ਹੋਵੇਗਾ, ਜਦੋਂ ਤੱਕ ਉਸਨੇ ਭਾਰਤੀ ਚਾਰਟਰਡ ਲੇਖਾਕਾਰ ਸੰਸਥਾ ਦੁਆਰਾ ਲਿਆ ਗਿਆ ਚਾਰਟਰਡ ਲੇਖਾਕਾਰੀ ਟੈਸਟ ਪਾਸ ਨਾ ਕੀਤਾ ਹੋਵੇ।

(3) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤੀਆਂ ਜਾਣ।

13, (1) ਟਰੱਸਟ ਉਸਦੇ ਕਾਜਕਾਰ ਦੇ ਸੁਯੋਗ ਸੰਚਾਲਨ ਲਈ ਜਿਵੇਂ ਕਿ ਜ਼ਰੂਰੀ ਸਮਝੇ, ਅਜਿਹੇ ਹੋਰ ਅਧਿਕਾਰੀ ਨਿਯੁਕਤ ਕਰ ਸਕਦਾ ਹੈ। ਹੋਰ ਅਧਿਕਾਰੀ।

(2) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀਆਂ ਨੂੰ ਨਿਯੁਕਤ ਕਰਨ ਦਾ ਤਰੀਕਾ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾ ਸਕਦੇ ਹੋਣ।

14. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:– ਯੂਨੀਵਰਸਿਟੀ ਦੀਆਂ ਅਥਾਰਟੀਆਂ।

(ੳ) ਸ਼ਾਸਕ ਬੌਡੀ;

(ਅ) ਪ੍ਰਬੰਧ ਬੋਰਡ;

(ੲ) ਅਕਾਦਮਿਕ ਕੌਂਸਲ; ਅਤੇ

(ਸ) ਅਜਿਹੀਆਂ ਹੋਰ ਅਥਾਰਟੀਆਂ, ਜਿਵੇਂ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਗਈਆਂ ਹੋਣ।

ਸ਼ਾਸਕ ਬੌਡੀ । 15. (1) ਯੂਨੀਵਰਸਿਟੀ ਦੀ ਸ਼ਾਸਕ ਬੌਡੀ ਹੇਠ-ਲਿਖੇ ਵਿਅਕਤੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:–

| | | |
|---|---|---|
| (ੳ) | ਚਾਂਸਲਰ; | : ਚੇਅਰਮੈਨ |
| (ਅ) | ਵਾਈਸ-ਚਾਂਸਲਰ; | : ਮੈਂਬਰ |
| (ੲ) | ਟਰੱਸਟ ਵੱਲੋਂ ਨਾਮਜ਼ਦ ਕੀਤੇ ਤਿੰਨ ਵਿਅਕਤੀ ਜਿਨ੍ਹਾਂ ਵਿੱਚੋਂ ਦੋ ਉੱਘੇ ਸਿੱਖਿਆ ਸ਼ਾਸਤਰੀ ਹੋਣਗੇ; | : ਮੈਂਬਰ |
| (ਸ) | ਪ੍ਰਬੰਧਨ ਜਾਂ ਸੂਚਨਾ ਤਕਨਾਲੋਜੀ ਦਾ ਇੱਕ ਮਾਹਰ; | : ਮੈਂਬਰ |
| (ਹ) | ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਵਿੱਤੀ ਮਾਹਰ; | : ਮੈਂਬਰ |
| (ਕ) | ਸਕੱਤਰ, ਉੱਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਜਾਂ ਉਸਦਾ ਪ੍ਰਤੀਨਿਧ ਜੋ ਕਿ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਥੱਲੇ ਦਾ ਨਾ ਹੋਵੇ; ਅਤੇ | : ਮੈਂਬਰ |
| (ਖ) | ਚਾਂਸਲਰ ਨਾਲ ਮਸ਼ਵਰਾ ਕਰਕੇ ਸਕੱਤਰ, ਉੱਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਸਿੱਖਿਆ-ਸ਼ਾਸਤਰੀ। | : ਮੈਂਬਰ |

(2) ਸ਼ਾਸਕ ਬੌਡੀ ਯੂਨੀਵਰਸਿਟੀ ਦੀ ਸਰਵਉੱਚ ਬੌਡੀ ਹੋਵੇਗੀ। ਇਹ ਹੇਠ ਲਿਖੇ ਕਾਜਕਾਰ ਨਿਭਾਏਗੀ, ਅਰਥਾਤ:–

(ੳ) ਯੂਨੀਵਰਸਿਟੀ ਦੇ ਕਾਜਕਾਰਾਂ ਨੂੰ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਅਨੁਸਾਰ ਕੰਟਰੋਲ ਕਰਨ ਲਈ ਨਿਰਦੇਸ਼ ਦੇਣੇ ਅਤੇ ਆਮ ਨਿਗਰਾਨੀ ਪ੍ਰਦਾਨ ਕਰਨਾ;

(ਅ) ਯੂਨੀਵਰਸਿਟੀ ਦੀਆਂ ਹੋਰ ਅਥਾਰਟੀਆਂ ਦੇ ਫੈਸਲਿਆਂ ਦੀ ਨਜ਼ਰਸਾਨੀ ਕਰਨੀ, ਜੇਕਰ ਉਹ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਾ ਹੋਣ;

(ੲ) ਯੂਨੀਵਰਸਿਟੀ ਦੇ ਬਜਟ ਅਤੇ ਸਾਲਾਨਾ ਰਿਪੋਰਟ ਨੂੰ ਪ੍ਰਵਾਨ ਕਰਨਾ;

(ਸ) ਯੂਨਿਵਰਸਿਟੀ ਦੁਆਰਾ ਅਪਣਾਈਆਂ ਜਾਣ ਵਾਲੀਆਂ ਵਿਸਤਰਿਤ ਨੀਤੀਆਂ ਨੂੰ ਨਿਯਤ ਕਰਨਾ; ਅਤੇ

(ਹ) ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨਾ, ਜੋ ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤੀਆਂ ਗਈਆਂ ਹੋਣ।

(3) ਸ਼ਾਸਕ ਬੌਡੀ ਇੱਕ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗੀ।

(4) ਸ਼ਾਸਕ ਬੌਡੀ ਦੀ ਇਕੱਤਰਤਾ ਲਈ ਕੋਰਮ ਪੰਜ ਦਾ ਹੋਵੇਗਾ।

16. (1) ਪ੍ਰਬੰਧ ਬੋਰਡ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:– ਪ੍ਰਬੰਧ ਬੋਰਡ।

| | | |
|---|---|---|
| (ੳ) | ਚਾਂਸਲਰ ਜਾਂ ਉਸਦਾ ਨਾਮਜ਼ਦ ਵਿਅਕਤੀ; | : ਚੇਅਰਪਰਸਨ |
| (ਅ) | ਵਾਈਸ-ਚਾਂਸਲਰ; | : ਮੈਂਬਰ |
| (ੲ) | ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ ਟਰੱਸਟ ਦੇ ਦੋ ਮੈਂਬਰ; | : ਮੈਂਬਰ |
| (ਸ) | ਰਾਜ ਸਰਕਾਰ ਦੇ ਪ੍ਰਤੀਨਿਧ ਵਜੋਂ ਸਿੱਖਿਆ ਸੰਬੰਧੀ ਸੰਬੰਧਤ ਡਾਇਰੈਕਟੋਰੇਟ ਦਾ ਡਾਇਰੈਕਟਰ; | : ਮੈਂਬਰ |
| (ਹ) | ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਵਿਅਕਤੀ, ਜੋ ਟਰੱਸਟ ਦੇ ਮੈਂਬਰ ਨਹੀਂ ਹਨ; | : ਮੈਂਬਰ |
| (ਕ) | ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ ਅਧਿਆਪਕਾਂ ਵਿੱਚੋਂ ਦੋ ਵਿਅਕਤੀ; ਅਤੇ | : ਮੈਂਬਰ |
| (ਖ) | ਚਾਂਸਲਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਅਧਿਆਪਕ। | : ਮੈਂਬਰ |

(2) ਪ੍ਰਬੰਧ ਬੋਰਡ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਕਰੇਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

(3) ਪ੍ਰਬੰਧ ਬੋਰਡ ਇੱਕ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗਾ।

(4) ਪ੍ਰਬੰਧ ਬੋਰਡ ਦੀ ਇਕੱਤਰਤਾ ਲਈ ਕੋਰਮ ਪੰਜ ਦਾ ਹੋਵੇਗਾ।

17. (1) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:– ਅਕਾਦਮਿਕ ਕੌਂਸਲ।

| | | |
|---|---|---|
| (ੳ) | ਵਾਈਸ-ਚਾਂਸਲਰ | : ਚੇਅਰਪਰਸਨ |
| (ਅ) | ਰਾਜ ਸਰਕਾਰ ਦੁਆਰਾ ਉਸਦੇ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਅਕਾਦਮਿਕ ਵਿਅਕਤੀ; ਅਤੇ | : ਮੈਂਬਰ |
| (ੲ) | ਅਜਿਹੇ ਹੋਰ ਮੈਂਬਰ, ਜਿਵੇਂ ਮੁਕੱਰਰ ਕੀਤੇ ਜਾਣ। | : ਮੈਂਬਰ |

(2) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਪ੍ਰਮੁੱਖ ਅਕਾਦਮਿਕ ਬੌਡੀ ਹੋਵੇਗੀ ਅਤੇ ਇਹ, ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੀਆਂ ਅਕਾਦਮਿਕ ਨੀਤੀਆਂ ਨਾਲ ਤਾਲਮੇਲ ਕਰੇਗੀ ਅਤੇ ਉਨ੍ਹਾਂ ਤੇ ਆਮ ਨਿਗਰਾਨੀ ਰੱਖੇਗੀ।

(3) ਅਕਾਦਮਿਕ ਕੌਂਸਲ ਦੀ ਇਕੱਤਰਤਾ ਦਾ ਕੋਰਮ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਵਿੱਤ ਕਮੇਟੀ।

18. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:–

| | | |
|---|---|---|
| (ੳ) | ਵਾਈਸ-ਚਾਂਸਲਰ; | : ਚੇਅਰਪਰਸਨ |
| (ਅ) | ਡੀਨ ਅਕਾਦਮਿਕ ਮਾਮਲੇ; | : ਮੈਂਬਰ |
| (ੲ) | ਯੂਨੀਵਰਸਿਟੀ ਦਾ ਰਜਿਸਟਰਾਰ; | : ਮੈਂਬਰ |
| (ਸ) | ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ ਦੋ ਵਿਅਕਤੀ ਜਿਨ੍ਹਾਂ ਵਿੱਚੋਂ ਇੱਕ ਵਿੱਤੀ ਮਾਹਿਰ ਹੋਵੇਗਾ; ਅਤੇ | : ਮੈਂਬਰ |
| (ਹ) | ਮੁੱਖ ਵਿੱਤ ਅਤੇ ਲੇਖਾ ਅਧਿਕਾਰੀ | : ਮੈਂਬਰ-ਸਕੱਤਰ |

(2) ਟਰੱਸਟ ਦੁਆਰਾ ਨਾਮਜ਼ਦ ਮੈਂਬਰ ਦੋ ਸਾਲਾਂ ਦੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ।

ਵਿੱਤ ਕਮੇਟੀ ਦੇ ਕਾਜਕਾਰ।

19. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਲੋੜੀਂਦੇ ਦਸਤਾਵੇਜ਼ਾਂ ਨਾਲ ਯੂਨੀਵਰਸਿਟੀ ਦਾ ਸਾਲਾਨਾ ਬਜਟ ਤਿਆਰ ਕਰਵਾਏਗਾ ਅਤੇ ਉਸਨੂੰ ਪ੍ਰਵਾਨਗੀ ਲਈ ਵਿੱਤ ਕਮੇਟੀ ਨੂੰ ਪੇਸ਼ ਕਰੇਗਾ। ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਯੂਨੀਵਰਸਿਟੀ ਦੀ ਸਾਲਾਨਾ ਆਮਦਨ ਅਤੇ ਖ਼ਰਚਿਆਂ ਦੇ ਲੇਖੇ ਵੀ ਤਿਆਰ ਕਰਵਾਏਗਾ ਅਤੇ ਇਸ ਸਬੰਧੀ ਵਿੱਤ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਚਾਰਟਰਡ ਲੇਖਾਕਾਰ ਦੁਆਰਾ ਇਸਦਾ ਆਡਿਟ ਕਰਵਾਏਗਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਨੁਸਾਰ ਯੂਨੀਵਰਸਿਟੀ ਦੀ ਆਮਦਨ ਅਤੇ ਖਰਚਿਆਂ ਦੇ ਆਡਿਟ ਸੰਬੰਧੀ ਨੋਟ ਦੇ ਨਾਲ ਵਿੱਤ ਕਮੇਟੀ ਦੁਆਰਾ ਪ੍ਰਵਾਨ ਕੀਤਾ ਗਿਆ ਬਜਟ, ਚਾਂਸਲਰ ਦੀ ਪ੍ਰਵਾਨਗੀ ਲਈ ਉਸ ਅੱਗੇ ਪੇਸ਼ ਕੀਤਾ ਜਾਵੇਗਾ।

(3) ਵਿੱਤ ਕਮੇਟੀ ਯੂਨੀਵਰਸਿਟੀ ਦੇ ਵਿੱਤੀ ਮਾਮਲਿਆਂ ਤੇ ਚਾਂਸਲਰ ਨੂੰ ਸਲਾਹ ਦੇਵੇਗੀ।

ਹੋਰ ਅਥਾਰਟੀਆਂ।

20. ਧਾਰਾ 14 ਦੇ ਖੰਡ (ਸ) ਅਧੀਨ ਅਥਾਰਟੀਆਂ ਦੀ ਰਚਨਾ, ਗਠਨ, ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾਣ।

ਅਥਾਰਟੀ ਜਾਂ ਬੌਡੀ ਦੀ ਮੈਂਬਰਸ਼ਿੱਪ ਲਈ ਨਾਕਾਬਲੀਅਤਾਂ।

21. ਕੋਈ ਵਿਅਕਤੀ ਯੂਨੀਵਰਸਿਟੀ ਦੀ ਕਿਸੇ ਵੀ ਅਥਾਰਟੀ ਜਾਂ ਬੌਡੀ ਦਾ ਮੈਂਬਰ ਹੋਣ ਦੇ ਨਾਕਾਬਲ ਹੋ ਜਾਵੇਗਾ, ਜੇਕਰ ਉਹ,—

(i) ਵਿਗੜ-ਚਿੱਤ ਹੋ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ii) ਇੱਕ ਅਮੁਕਤ ਦਿਵਾਲੀਆ ਹੈ; ਜਾਂ

(iii) ਕਿਸੇ ਸਦਾਚਾਰਕ ਗਿਰਾਵਟ ਵਿੱਚ ਪਲਚੇ ਅਪਰਾਧ ਲਈ ਸਿੱਧ ਦੋਸ਼ ਠਹਿਰਾਇਆ ਗਿਆ ਹੈ; ਜਾਂ

(iv) ਕਿਸੇ ਵੀ ਰੂਪ ਵਿੱਚ ਕਿਸੇ ਪ੍ਰੀਖਿਆ ਦੇ ਸੰਚਾਲਨ ਕਰਨ ਵਿੱਚ ਕਿਸੇ ਅਣਉੱਚਿਤ ਆਚਰਣ ਨਾਲ ਖਚਿਤ ਹੋਣ ਕਰਕੇ ਜਾਂ ਉਸਨੂੰ ਵਧਾਵਾ ਦੇਣ ਕਾਰਨ ਸਜ਼ਾ-ਯਾਫ਼ਤਾ ਹੋ ਗਿਆ ਹੈ।

ਖਾਲੀ ਥਾਵਾਂ ਕਾਰਨ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨਾ ਹੋਣਾ ।

22. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਕੀਤਾ ਗਿਆ ਕੋਈ ਕਾਰਜ, ਜਾਂ ਕਾਰਵਾਈਆਂ ਸਿਰਫ਼ ਇਸ ਕਾਰਨ ਨਾਜਾਇਜ਼ ਨਹੀਂ ਹੋਣਗੀਆਂ ਕਿ-

(ੳ) ਅਥਾਰਟੀ ਜਾਂ ਬੌਡੀ ਵਿੱਚ ਕੋਈ ਥਾਂ ਖਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

ਸੰਕਟਕਾਲੀ ਖ਼ਾਲੀ ਹੋਈਆਂ ਆਸਾਮੀਆਂ ਨੂੰ ਭਰਨਾ ।

23. ਜੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਣ ਕਾਰਨ ਜਾਂ ਉਸਦੇ ਅਸਤੀਫ਼ੇ ਜਾਂ ਅਹੁਦੇ ਤੋਂ ਹਟਾਏ ਜਾਣ ਕਾਰਨ ਜਾਂ ਜਿਸ ਸਮਰੱਥਾ ਵਿੱਚ ਉਸ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ ਉਸ ਸਮਰੱਥਾ ਵਿੱਚ ਤਬਦੀਲੀ ਹੋ ਜਾਣ ਕਾਰਨ ਕੋਈ ਆਸਾਮੀ ਖਾਲੀ ਹੁੰਦੀ ਹੈ ਤਾਂ ਉਸ ਅਥਾਰਟੀ ਜਾਂ ਬੌਡੀ ਦੁਆਰਾ ਜਿਸ ਵੱਲੋਂ ਅਜਿਹੇ ਮੈਂਬਰ ਦੀ ਨਿਯੁਕਤੀ ਜਾਂ ਨਾਮਜ਼ਦਗੀ ਕੀਤੀ ਗਈ ਸੀ, ਜਿੰਨੀ ਛੇਤੀ ਸੰਭਵ ਹੋ ਸਕੇ ਉਸ ਆਸਾਮੀ ਨੂੰ ਭਰਿਆ ਜਾਵੇਗਾ:

ਪਰੰਤੂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੀ ਸੰਕਟਕਾਲੀ ਖ਼ਾਲੀ ਹੋਈ ਆਸਾਮੀ ਤੇ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਅਜਿਹਾ ਵਿਅਕਤੀ, ਮੈਂਬਰ ਦੀ ਬਾਕੀ ਰਹਿੰਦੀ ਮਿਆਦ ਲਈ ਹੀ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੇ ਅਹੁਦੇ ਤੇ ਬਣਿਆ ਰਹੇਗਾ, ਜਿਸ ਦੀ ਥਾਂ ਤੇ ਉਸ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਹੈ, ਜਿਹੀ ਕਿ ਸੂਰਤ ਹੋਵੇ।

ਕਮੇਟੀਆਂ।

24. ਯੂਨੀਵਰਸਿਟੀ ਦੀਆਂ ਅਥਾਰਟੀਆਂ ਜਾਂ ਅਧਿਕਾਰੀ ਅਜਿਹੀਆਂ ਕਮੇਟੀਆਂ ਦਾ ਗਠਨ ਕਰ ਸਕਦੇ ਹਨ, ਜੋ ਅਜਿਹੀਆਂ ਕਮੇਟੀਆਂ ਦੁਆਰਾ ਵਿਸ਼ੇਸ਼ ਕੰਮ ਨੂੰ ਕਰਨ ਲਈ ਜ਼ਰੂਰੀ ਹੋ ਸਕਦੀਆਂ ਹਨ। ਅਜਿਹੀਆਂ ਕਮੇਟੀਆਂ ਦਾ ਗਠਨ ਅਤੇ ਕਰਤੱਵ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾ ਸਕਣ।

ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਲਈ ਵਿਸ਼ੇਸ਼ ਸਕੂਲ ਚਲਾਉਣਾ।

25. ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਟਰੱਸਟ ਗਿਆਰ੍ਹਵੀਂ ਜਮਾਤ (ਭਾਵ +1) ਵਿੱਚ ਘੱਟੋ-ਘੱਟ ਪੰਜਾਹ ਵਿਦਿਆਰਥੀਆਂ ਅਤੇ ਬਾਰ੍ਹਵੀਂ ਜਮਾਤ (ਭਾਵ +2) ਵਿੱਚ ਘੱਟੋ-ਘੱਟ ਪੰਜਾਹ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਲਈ ਇੱਕ ਵਿਸ਼ੇਸ਼ ਸਕੂਲ ਚਲਾਏਗਾ, ਜਿਸ ਵਿੱਚ ਮੁਫ਼ਤ ਰਿਹਾਇਸ਼ ਅਤੇ ਮੁਫ਼ਤ ਖੁਰਾਕ ਦੀ ਸਹੂਲਤ ਵੀ ਸ਼ਾਮਲ ਹੋਵੇਗੀ। ਵਿਦਿਆਰਥੀਆਂ ਦਾ ਦਾਖਲਾ ਗੁਣਾਂ ਦੇ ਆਧਾਰ 'ਤੇ ਕੀਤਾ ਜਾਵੇਗਾ।

ਪ੍ਰਵਿਧਾਨ ਬਣਾਉਣ ਦੀ ਸ਼ਕਤੀ।

26. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਪ੍ਰਵਿਧਾਨ ਬਣਾ ਸਕੇਗੀ ਜਾਂ ਪ੍ਰਵਿਧਾਨਾਂ ਦੀ ਸੋਧ ਜਾਂ ਉਨ੍ਹਾਂ ਨੂੰ ਨਿਰਸਨ ਕਰ ਸਕੇਗੀ।

(2) ਬਣਾਏ ਗਏ ਪ੍ਰਵਿਧਾਨ ਲਈ ਜਾਂ ਉਨ੍ਹਾਂ ਵਿੱਚ ਕੀਤੀ ਗਈ ਕੋਈ ਸੋਧ ਜਾਂ ਨਿਰਸਨ ਸਬੰਧੀ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ :-

(i) ਯੂਨੀਵਰਸਿਟੀ ਦੀਆਂ ਅਥਾਰਟੀਆਂ ਅਤੇ ਹੋਰ ਬੌਡੀਆਂ, ਜੋ ਸਮੇਂ-ਸਮੇਂ ਤੇ ਗਠਤ ਕੀਤੀਆਂ ਗਈਆਂ ਹੋਣ, ਦੇ ਗਠਨ, ਸ਼ਕਤੀਆਂ ਅਤੇ ਕਾਜਕਾਰ;

(ii) ਵਾਈਸ-ਚਾਂਸਲਰ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਸ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iii) ਰਜਿਸਟਰਾਰ ਅਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iv) ਹੋਰ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(v) ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(vi) ਯੂਨੀਵਰਸਿਟੀ, ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਝਗੜੇ ਦੀ ਸੂਰਤ ਵਿੱਚ ਸਾਲਸੀ ਪ੍ਰੀਕ੍ਰਿਆ;

(vii) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(viii) ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਦੇਣੀ ਅਤੇ ਉਨ੍ਹਾਂ ਨੂੰ ਵਜ਼ੀਫ਼ਾ ਅਤੇ ਫੈਲੋਸ਼ਿਪ ਪ੍ਰਦਾਨ ਕਰਨਾ;

(ix) ਸੀਟਾਂ ਦੇ ਰਾਖਵੇਂਕਰਨ ਨੂੰ ਵਿਨਿਯਮਤ ਕਰਨ ਦੇ ਨਾਲ ਦਾਖ਼ਲੇ ਦੀ ਨੀਤੀ;

(x) ਵੱਖ-ਵੱਖ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ; ਅਤੇ

(xi) ਹੋਰ ਸਾਰੇ ਮਾਮਲੇ ਜਿਨ੍ਹਾਂ ਲਈ ਇਸ ਐਕਟ ਅਧੀਨ ਪ੍ਰਵਿਧਾਨ ਬਣਾਉਣੇ ਲੋੜੀਂਦੇ ਹੋਣ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ।

(5) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਪ੍ਰਵਿਧਾਨਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਪ੍ਰਵਿਧਾਨਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ।

(6) ਯੂਨੀਵਰਸਿਟੀ ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਪ੍ਰਵਿਧਾਨਾਂ ਤੇ ਆਪਣੀ ਸਹਿਮਤੀ ਨੂੰ ਸੰਸੂਚਤ ਕਰੇਗੀ, ਅਤੇ ਜੇਕਰ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਪ੍ਰਵਿਧਾਨਾਂ ਨੂੰ ਅੰਤਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਆਰਡੀਨੈਂਸ ਬਣਾਉਣ ਦੀ ਸ਼ਕਤੀ।

27. (1) ਸ਼ਾਸਕ ਬੌਡੀ ਸਮੇਂ-ਸਮੇਂ ਤੇ ਆਰਡੀਨੈਂਸ ਬਣਾ ਸਕੇਗੀ ਜਾਂ ਆਰਡੀਨੈਂਸਾਂ ਵਿੱਚ ਸੋਧ ਕਰ ਸਕੇਗੀ ਜਾਂ ਉਨ੍ਹਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਬਣਾਏ ਗਏ ਆਰਡੀਨੈਂਸ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਨੂੰ ਨਿਰਸਤ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਅਤੇ ਪ੍ਰਵਿਧਾਨਾਂ ਦੇ ਉਪਬੰਧਾਂ ਦੇ ਤਾਬੇ, ਆਰਡੀਨੈਂਸ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਅਤੇ ਉਸ ਅਨੁਸਾਰ ਉਨ੍ਹਾਂ ਦੇ ਨਾਂ ਰਜਿਸਟਰ ਵਿੱਚ ਚੜ੍ਹਾਉਣਾ;

(ii) ਯੂਨੀਵਰਸਿਟੀ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਕੋਰਸ;

(iii) ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਅਤੇ ਹੋਰ ਅਕਾਦਮਿਕ ਉਪਾਧੀਆਂ ਸਬੰਧੀ;

(iv) ਯੂਨੀਵਰਸਿਟੀ ਦੇ ਵੱਖ-ਵੱਖ ਕੋਰਸਾਂ, ਪ੍ਰੀਖਿਆਵਾਂ, ਡਿਗਰੀਆਂ ਅਤੇ ਡਿਪਲੋਮਿਆਂ ਦੀਆਂ ਲਈਆਂ ਜਾਣ ਵਾਲੀਆਂ ਫ਼ੀਸਾਂ;

(v) ਫੈਲੋ-ਵਜ਼ੀਫ਼ੇ, ਵਜ਼ੀਫੇ, ਵਿਦਿਆਰਥੀ-ਵਜ਼ੀਫੇ, ਤਮਗੇ ਅਤੇ ਇਨਾਮ ਦੇਣ ਲਈ ਸ਼ਰਤਾਂ;

(vi) ਪ੍ਰੀਖਿਆਵਾਂ ਦਾ ਸੰਚਾਲਣ, ਜਿਸ ਵਿੱਚ ਪ੍ਰੀਖਿਆ ਲੈਣ ਵਾਲੀਆਂ ਬੌਡੀਆਂ, ਪ੍ਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੇ ਨਿਬੰਧਨ ਅਤੇ ਨਿਯੁਕਤੀ ਦਾ ਤਰੀਕਾ ਅਤੇ ਕਰਤੱਵ ਸ਼ਾਮਲ ਹਨ;

(vii) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਲਈ ਹੋਸਟਲ ਦੀਆਂ ਸਹੂਲਤਾਂ ਦੀਆਂ ਸ਼ਰਤਾਂ;

(viii) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨੀ;

(ix) ਯੂਨੀਵਰਸਿਟੀ ਦੇ ਅਕਾਦਮਿਕ ਮਿਆਰ ਨੂੰ ਸੁਧਾਰਨ ਲਈ ਜੋ ਜ਼ਰੂਰੀ ਸਮਝਿਆ ਜਾਂਦਾ ਹੈ, ਉਸ ਅਨੁਸਾਰ ਕਿਸੇ ਹੋਰ ਬੌਡੀ ਦੀ ਸਿਰਜਣਾ, ਰਚਨਾ ਅਤੇ ਕਾਜਕਾਰ ਲਈ ਉਪਬੰਧ ਕਰਨਾ;

(x) ਹੋਰ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਅਤੇ ਸਹਿਯੋਗ ਦੇਣ ਦਾ ਤਰੀਕਾ; ਅਤੇ

(xi) ਉਹ ਸਾਰੇ ਹੋਰ ਮਾਮਲੇ ਜਿਨ੍ਹਾਂ ਲਈ ਇਸ ਐਕਟ ਜਾਂ ਇਸ ਅਧੀਨ ਬਣੇ ਪ੍ਰਵਿਧਾਨਾਂ ਅਨੁਸਾਰ ਆਰਡੀਨੈਂਸਾਂ ਦੁਆਰਾ ਉਪਬੰਧ ਕੀਤਾ ਜਾਣਾ ਲੋੜੀਂਦਾ ਹੋਵੇ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਆਰਡੀਨੈਂਸ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(5) ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਆਰਡੀਨੈਂਸਾਂ ਤੋਂ ਰਾਜ ਸਰਕਾਰ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇਕਰ ਕੋਈ ਹੋਣ, ਜਿਵੇਂ ਕਿ ਉਹ

ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਉਨ੍ਹਾਂ ਨੂੰ ਵਾਪਸ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬਾਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਆਰਡੀਨੈਂਸਾਂ ਤੇ ਆਪਣੀ ਸਹਿਮਤੀ ਨੂੰ ਸੰਸੂਚਤ ਕਰੇਗੀ ਤੇ ਜੇਕਰ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਆਰਡੀਨੈਂਸਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਆਰਡੀਨੈਂਸਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ ।

28. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਵਿਨਿਯਮ ਬਣਾ ਸਕੇਗੀ ਜਾਂ ਵਿਨਿਯਮਾਂ ਵਿੱਚ ਸੋਧ ਕਰ ਸਕੇਗੀ ਜਾਂ ਉਹਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਬਣਾਏ ਗਏ ਵਿਨਿਯਮ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਹਨਾਂ ਨੂੰ ਨਿਰਸਨ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਵਿਨਿਯਮ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(4) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਵਿਨਿਯਮਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੋ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਵਿਨਿਯਮਾਂ ਨੂੰ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(5) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਵਿਨਿਯਮਾਂ ਤੇ ਆਪਣੀ ਸਹਿਮਤੀ ਨੂੰ ਸੰਸੂਚਤ ਕਰੇਗੀ ਅਤੇ ਜੇ ਯੂਨੀਵਰਸਿਟੀ ਦੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਹੋਵੇਗੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(6) ਰਾਜ ਸਰਕਾਰ ਦੁਆਰਾ ਵਿਨਿਯਮਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ ਇਨ੍ਹਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(7) ਇਸ ਤਰ੍ਹਾਂ ਬਣਾਏ ਗਏ ਵਿਨਿਯਮਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਯੂਨੀਵਰਸਿਟੀ ਵੱਲੋਂ ਵਿਨਿਯਮਤ ਬਾਡੀਆਂ ਦੇ ਨਿਯਮਾਂ, ਵਿਨਿਯਮਾਂ ਆਦਿ ਦੀ ਪਾਲਣਾ ਕਰਨਾ।

29. (1) ਯੂਨੀਵਰਸਿਟੀ ਅਜਿਹੀ ਕੋਈ ਵੀ ਡਿਗਰੀ ਦੇਣ ਤੋਂ ਵਰਜਿਤ ਹੋਵੇਗੀ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਦੇ ਬਰਾਬਰ ਦੀ ਗਠਤ ਕੀਤੀ ਗਈ ਬੌਡੀ ਵੱਲੋਂ ਮਾਨਤਾ ਪ੍ਰਾਪਤ ਨਹੀਂ ਹੈ।

(2) ਯੂਨੀਵਰਸਿਟੀ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਨਿੱਜੀ ਯੂਨੀਵਰਸਿਟੀਆਂ ਵਿੱਚ ਮਿਆਰਾਂ ਦੀ ਸਥਾਪਨਾ ਅਤੇ ਸੰਭਾਲ) ਵਿਨਿਯਮ, 2003 ਅਨੁਸਾਰ ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਨਿੱਜੀ ਯੂਨੀਵਰਸਿਟੀਆਂ ਲਈ ਬਣਾਏ ਗਏ ਕਿਸੇ ਹੋਰ ਵਿਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

ਆਮ ਫ਼ੰਡ।

30. (1) ਯੂਨੀਵਰਸਿਟੀ ਦਾ ਇੱਕ ਆਮ ਫ਼ੰਡ ਹੋਵੇਗਾ, ਜਿਸ ਵਿੱਚ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ,-

(ੳ) ਯੂਨੀਵਰਸਿਟੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਫੀਸਾਂ ਅਤੇ ਹੋਰ ਚਾਰਜਿਜ਼;

(ਅ) ਯੂਨੀਵਰਸਿਟੀ ਦੁਆਰਾ ਸਲਾਹ ਮਸ਼ਵਰੇ ਤੋਂ ਅਤੇ ਆਪਣੇ ਜ਼ਿੰਮੇ ਲਏ ਗਏ ਹੋਰ ਕੰਮਾਂ ਤੋਂ ਪ੍ਰਾਪਤ ਕੀਤੀ ਗਈ ਕੋਈ ਆਮਦਨ; ਅਤੇ

(ੲ) ਕਿਸੇ ਸਰਕਾਰੀ ਅਤੇ ਗੈਰ-ਸਰਕਾਰੀ ਫ਼ੰਡ ਏਜੰਸੀਆਂ ਤੋਂ ਖੋਜ ਪ੍ਰੋਜੈਕਟਾਂ ਲਈ ਯੂਨੀਵਰਸਿਟੀ ਦੁਆਰਾ ਕਿਸੇ ਸਾਧਨ ਤੋਂ ਪ੍ਰਾਪਤ ਕੀਤੇ ਗਏ ਫ਼ੰਡ ਅਤੇ ਗ੍ਰਾਂਟਾਂ।

(2) ਆਮ ਫ਼ੰਡ ਦੀ ਹੇਠ-ਲਿਖੇ ਪ੍ਰਯੋਜਨਾਂ ਲਈ ਵਰਤੋਂ ਹੋਵੇਗੀ, ਅਰਥਾਤ:-

(ੳ) ਯੂਨੀਵਰਸਿਟੀ ਦੁਆਰਾ ਲਏ ਗਏ ਕਰਜ਼ਿਆਂ ਨੂੰ ਵਿਆਜ਼ ਦੇ ਚਾਰਜਿਜ਼ ਸਮੇਤ ਵਾਪਸ ਅਦਾਇਗੀ ਕਰਨ ਲਈ;

(ਅ) ਯੂਨੀਵਰਸਿਟੀ ਦੇ ਧਨ-ਧਾਮਾਂ ਦੀ ਸੰਭਾਲ ਲਈ;

(ੲ) ਫ਼ੰਡ ਦੇ ਆਡਿਟ ਦੇ ਖ਼ਰਚੇ ਦੀ ਅਦਾਇਗੀ ਲਈ;

(ਸ) ਕਿਸੇ ਦਾਵੇ ਜਾਂ ਕਾਰਵਾਈਆਂ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ;

(ਹ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ ਲਈ ਅਤੇ ਅਜਿਹੇ ਕਿਸੇ ਅਧਿਕਾਰੀ ਅਤੇ ਕਰਮਚਾਰੀ ਨੂੰ ਕਿਸੇ ਫ਼ਾਇਦਿਆਂ ਦੀ ਅਦਾਇਗੀ ਕਰਨ ਲਈ;

(ਕ) ਯੂਨੀਵਰਸਿਟੀ ਦੀਆਂ ਅਥਾਰਟੀਆਂ, ਕਮੇਟੀ ਜਾਂ ਬੋਰਡ ਦੇ ਮੈਂਬਰਾਂ ਦੇ ਯਾਤਰਾ ਅਤੇ ਹੋਰ ਭੱਤਿਆਂ ਦੀ ਅਦਾਇਗੀ ਕਰਨ ਲਈ;

(ਖ) ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਵਿਦਿਆਰਥੀਆਂ ਜਾਂ ਸਹਿਯੋਗੀ ਖੋਜਕਾਰਾਂ ਜਾਂ ਸਿਖਿਆਰਥੀਆਂ, ਜਿਹੀ ਕਿ ਸੂਰਤ ਹੋਵੇ, ਜਾਂ ਅਜਿਹੇ ਐਵਾਰਡ ਪ੍ਰਾਪਤ ਕਰਨ ਲਈ ਕਿਸੇ ਪਾਤਰ ਵਿਦਿਆਰਥੀ ਨੂੰ ਫ਼ੈਲੋਸ਼ਿਪਾਂ, ਵਜ਼ੀਫ਼ੇ, ਸਹਾਇਤਾ ਅਤੇ ਹੋਰ ਐਵਾਰਡਾਂ ਦੀ ਅਦਾਇਗੀ ਕਰਨ ਲਈ;

(ਗ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਿਸੇ ਖਰਚਿਆਂ ਦੀ ਅਦਾਇਗੀ ਕਰਨ ਲਈ;

(ਘ) ਯੂਨੀਵਰਸਿਟੀ ਦੇ ਪ੍ਰਯੋਜਨ ਲਈ ਭੋਂ ਅਰਜਤ ਕਰਨ ਜਾਂ ਕਿਸੇ ਕਿਸਮ ਦੇ ਵਿਕਾਸ ਦੇ ਕੰਮ ਜਾਂ ਅਜਿਹੇ ਕਿਸੇ ਹੋਰ ਕਾਰਜਾਂ ਦੇ ਸੰਬੰਧ ਵਿੱਚ ਅਦਾਇਗੀ ਕਰਨ ਲਈ;

(ਙ) ਟਰੱਸਟ ਦੁਆਰਾ ਯੂਨੀਵਰਸਿਟੀ ਦੀ ਸਥਾਪਨਾ ਅਤੇ ਉਸ ਨੂੰ ਚਲਾਉਣ ਲਈ ਲਏ ਗਏ ਕਰਜ਼ਿਆਂ ਅਤੇ ਪੂੰਜੀ ਦੇ ਖਰਚੇ ਲਈ ਅਤੇ ਇਸ ਲਈ ਕੀਤੇ ਗਏ ਨਿਵੇਸ਼ਾਂ ਦੀ ਅਦਾਇਗੀ ਕਰਨ ਲਈ;

(ਚ) ਯੂਨੀਵਰਸਿਟੀ ਦੁਆਰਾ ਲਏ ਗਏ ਸਲਾਹ-ਮਸ਼ਵਰੇ ਦੇ ਕੰਮ ਨਾਲ ਸਬੰਧਤ ਚਾਰਜਾਂ ਅਤੇ ਖਰਚਿਆਂ ਦੀ ਅਦਾਇਗੀ ਲਈ;

(ਛ) ਟਰੱਸਟ ਦੁਆਰਾ ਜਾਂ ਯੂਨੀਵਰਸਿਟੀ ਲਈ ਜਾਂ ਇਸ ਦੇ ਨਮਿੱਤ ਕਿਸੇ ਖਰਚੇ, ਤਨਖਾਹਾਂ, ਕਰਾਂ, ਦੇਣਦਾਰੀਆਂ ਦੀ ਅਦਾਇਗੀ ਕਰਨ ਲਈ।

31. ਯੂਨੀਵਰਸਿਟੀ ਦੀ ਆਮਦਨ ਅਤੇ ਖ਼ਰਚਿਆਂ ਦੇ ਲੇਖੇ ਯੂਨੀਵਰਸਿਟੀ ਦੇ ਚਾਰਟਰਡ ਲੇਖਾਕਾਰ ਦੁਆਰਾ ਆਡਿਟ ਕੀਤੇ ਜਾਣਗੇ ਅਤੇ ਉਹ ਲੇਖੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਵੱਲੋਂ ਸਾਲ ਵਿੱਚ ਇੱਕ ਵਾਰੀ ਪ੍ਰਸ਼ਾਸਕੀ ਬਾਡੀ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ। ਸਾਲਾਨਾ ਰਿਪੋਰਟ।

32. ਯੂਨੀਵਰਸਿਟੀ ਦੁਆਰਾ ਹਰੇਕ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਵਿੱਤ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਅਕਾਦਮਿਕ ਸਰਗਰਮੀਆਂ ਸਮੇਤ ਯੂਨੀਵਰਸਿਟੀ ਪ੍ਰੀਖਿਆਵਾਂ ਦੀ ਛਿਮਾਹੀ-ਦਰ-ਛਿਮਾਹੀ ਜਾਂ ਸਲਾਨਾ, ਜਿਹੀ ਕਿ ਸੂਰਤ ਹੋਵੇ, ਆਰਜ਼ੀ ਅਨੁਸੂਚੀ ਤਿਆਰ ਕਰੇਗੀ ਅਤੇ ਛਪਵਾਏਗੀ ਪਰੰਤੂ ਇਹ ਕੈਲੰਡਰ ਸਾਲ ਦੇ ਅਗਸਤ ਦੇ ਤੀਹਵੇਂ ਦਿਨ ਤੋਂ ਬਾਅਦ ਨਹੀਂ ਹੋਵੇਗੀ। ਪ੍ਰੀਖਿਆਵਾਂ।

ਵਿਆਖਿਆ:- 'ਪ੍ਰੀਖਿਆਵਾਂ ਦੀ ਅਨੁਸੂਚੀ', ਜਿਸ ਦਾ ਮਤਲਬ ਸਮਾਂ-ਸਾਰਣੀ ਤੋਂ ਹੈ ਜੋ ਵਿਵਹਾਰਕ ਪ੍ਰੀਖਿਆਵਾਂ ਦੇ ਵੇਰਵੇ ਅਤੇ ਜੁਬਾਨੀ ਪ੍ਰੀਖਿਆ, ਜੇ ਕੋਈ ਹੋਵੇ, ਉਸਦੇ ਹਰੇਕ ਪੇਪਰ ਦੇ ਸ਼ੁਰੂ

ਹੋਣ ਦਾ ਸਮਾਂ, ਦਿਨ ਅਤੇ ਤਰੀਕ ਦਰਸਾਉਂਦੀ ਹੋਵੇ ਅਤੇ ਜੋ ਪ੍ਰੀਖਿਆਵਾਂ ਦੀ ਯੋਜਨਾ ਦਾ ਇੱਕ ਹਿੱਸਾ ਹੈ।

ਨਤੀਜਿਆਂ ਦਾ ਐਲਾਨ ਕਰਨਾ ।

33. (1) ਯੂਨੀਵਰਸਿਟੀ, ਉਸ ਦੁਆਰਾ ਹਰ ਵੱਖਰੀ ਕਿਸਮ ਦੇ ਵਿਸ਼ੇਸ਼ ਕੋਰਸ ਦੀਆਂ ਲਈਆਂ ਗਈਆਂ ਪ੍ਰੀਖਿਆਵਾਂ ਦੀ ਆਖਰੀ ਤਰੀਕ ਤੋਂ ਪੰਤਾਲੀ ਦਿਨ ਦੀ ਮੁੱਦਤ ਦੇ ਅੰਦਰ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕਰਨ ਦਾ ਯਤਨ ਕਰੇਗੀ, ਪਰੰਤੂ ਇਹ ਕਿਸੇ ਵੀ ਹਾਲਤ ਵਿੱਚ ਦਰਸਾਈ ਗਈ ਤਰੀਕ ਤੋਂ ਸੱਠ ਦਿਨਾਂ ਤੋਂ ਬਾਅਦ ਨਹੀਂ ਹੋਣਗੇ।

(2) ਕੋਈ ਪ੍ਰੀਖਿਆ ਜਾਂ ਕਿਸੇ ਵੀ ਪ੍ਰੀਖਿਆ ਦਾ ਨਤੀਜਾ ਸਿਰਫ਼ ਇਸ ਕਾਰਨ ਕਰਕੇ ਅਵੈਧ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਯੂਨੀਵਰਸਿਟੀ ਦੁਆਰਾ ਪ੍ਰੀਖਿਆਵਾਂ ਦੀ ਅਨੁਸੂਚੀ ਨੂੰ ਨਹੀਂ ਅਪਣਾਇਆ ਗਿਆ।

ਕਨਵੋਕੇਸ਼ਨ ।

34. ਯੂਨੀਵਰਸਿਟੀ ਦੀ ਕਨਵੋਕੇਸ਼ਨ ਹਰ ਅਕਾਦਮਿਕ ਸਾਲ ਵਿੱਚ ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਜਾਂ ਕਿਸੇ ਹੋਰ ਅਕਾਦਮਿਕ ਉਪਾਧੀਆਂ ਦੇਣ ਲਈ ਜਾਂ ਕਿਸੇ ਹੋਰ ਪ੍ਰਯੋਜਨ ਲਈ ਅਜਿਹੀ ਵਿਧੀ ਅਨੁਸਾਰ ਕੀਤੀ ਜਾਵੇਗੀ, ਜਿਵੇਂ ਮੁਕੱਰਰ ਕੀਤੇ ਗਿਆ ਹੋਵੇ।

ਸਬੰਧਤ ਅਥਾਰਟੀਆਂ ਅਤੇ ਬਾਡੀਆਂ ਦੇ ਝਗੜੇ ।

35. ਜੇ ਕਿਸੇ ਵਿਅਕਤੀ ਦੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦਾ ਮੈਂਬਰ ਹੋਣ ਸਬੰਧੀ ਉਸਦੀ ਨਿਯੁਕਤੀ ਜਾਂ ਹੱਕ ਦੇ ਸਬੰਧ ਵਿੱਚ ਕੋਈ ਪ੍ਰਸ਼ਨ ਪੈਦਾ ਹੁੰਦਾ ਹੈ ਤਾਂ ਅਜਿਹਾ ਪ੍ਰਸ਼ਨ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ ਤੇ ਉਸਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ ।

36. ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ ਤਾਂ ਰਾਜ ਸਰਕਾਰ ਚਾਂਸਲਰ ਨਾਲ ਮਸ਼ਵਰਾ ਕਰਕੇ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਅਤੇ ਜੋ ਉਸ ਨੂੰ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਪਿੱਛੋਂ ਇਸ ਧਾਰਾ ਅਧੀਨ ਕੋਈ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ ।

37. ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅੰਤਰਕਾਲੀ ਉਪਬੰਧ ।

38. ਇਸ ਐਕਟ, ਇਸ ਅਧੀਨ ਬਣਾਏ ਗਏ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਟਰੱਸਟ, ਫ਼ੰਡਾਂ ਦੀ ਉਪਲੱਬਧਤਾ ਹੋਣ ਦੇ ਤਾਬੇ, ਇਸ ਐਕਟ ਜਾਂ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨਾਂ

ਲਈ, ਯੂਨੀਵਰਸਿਟੀ ਦੇ ਸਾਰੇ ਕਾਰਜ ਜਾਂ ਕਿਸੇ ਇੱਕ ਕਾਰਜ ਦਾ ਨਿਸਤਾਰਾ ਕਰ ਸਕਦੀ ਹੈ ਅਤੇ ਉਸ ਪ੍ਰਯੋਜਨ ਲਈ, ਜਦੋਂ ਤੱਕ ਅਜਿਹੀ ਅਥਾਰਟੀ ਹੋਂਦ ਵਿੱਚ ਨਹੀਂ ਆ ਜਾਂਦੀ ਜਾਂ ਕੋਈ ਅਜਿਹਾ ਅਧਿਕਾਰੀ ਨਿਯੁਕਤ ਨਹੀਂ ਹੋ ਜਾਂਦਾ, ਟਰੱਸਟ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ ਅਤੇ ਅਜਿਹੇ ਕਰਤੱਵਾਂ ਨੂੰ ਨਿਭਾ ਸਕਦਾ ਹੈ ਜਿਹੜੇ ਇਸ ਐਕਟ ਜਾਂ ਅਜਿਹੇ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਦੁਆਰਾ ਨਿਭਾਏ ਜਾਣੇ ਹੁੰਦੇ ਹਨ।

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3488/8-2025/Pb. Govt. Press, S.A.S. Nagar.*

ਭਾਗ–1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 26 ਅਗਸਤ, 2025

ਨੰ: 33/ਭ.ਕ./2025.- ਸੀ.ਟੀ. ਯੂਨੀਵਰਸਿਟੀ ਐਕਟ, 2016 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 26th August, 2025

**No. 33/L.C./2025.**- The Translation in Punjabi of the C.T. University Act, 2016 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਸੀ.ਟੀ. ਯੂਨੀਵਰਸਿਟੀ ਐਕਟ, 2016

(2016 ਦਾ ਪੰਜਾਬ ਐਕਟ ਨੰ: 50)

ਪੰਜਾਬ ਰਾਜ ਵਿੱਚ ਪੇਸ਼ੇਵਰ, ਡਾਕਟਰੀ, ਤਕਨੀਕੀ, ਆਮ ਸਿੱਖਿਆ, ਭਾਸ਼ਾ ਅਤੇ ਸਾਹਿਤ ਅਤੇ ਇਸ ਨਾਲ ਸਬੰਧਤ ਜਾਂ ਉਸਦੇ ਅਨੁਸੰਗਕ ਮਾਮਲਿਆਂ ਸਮੇਤ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਸਿੱਖਿਆ, ਅਧਿਆਪਨ, ਵਿੱਦਿਆ, ਖੋਜ, ਸਿਖਲਾਈ ਅਤੇ ਸਾਰੇ ਪੱਧਰਾਂ ਦੀਆਂ ਸਬੰਧਤ ਗਤੀਵਿਧੀਆਂ ਦੀ ਵਿਵਸਥਾ ਕਰਨ ਦੇ ਪ੍ਰਯੋਜਨਾਂ ਨਾਲ ਸੀ.ਟੀ. ਯੂਨੀਵਰਸਿਟੀ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਯੂਨੀਵਰਸਿਟੀ ਸਥਾਪਤ ਅਤੇ ਨਿਗਮਤ ਕਰਨ ਲਈ ਇੱਕ ਐਕਟ;

ਜਦੋਂ ਕਿ ਸੋਸਾਇਟੀ ਰਜਿਸਟਰੇਸ਼ਨ ਐਕਟ, 1860 (1860 ਦਾ XXI) ਅਧੀਨ ਰਜਿਸਟਰਸ਼ੁਦਾ ਸੀ.ਟੀ. ਸਿੱਖਿਅਕ ਸੋਸਾਇਟੀ, ਜਲੰਧਰ ਵੱਲੋਂ ਪੰਜਾਬ ਨਿੱਜੀ ਯੂਨੀਵਰਸਿਟੀਆਂ ਨੀਤੀ, 2010 ਦੇ ਆਧਾਰ ਤੇ ਪੰਜਾਬ ਰਾਜ ਵਿੱਚ ਸਵੈ-ਵਿੱਤੀ ਪੋਸ਼ਣ ਨਾਲ ਉਚੇਰੀ ਸਿੱਖਿਆ ਦੇ ਸਾਰੇ ਪੱਧਰਾਂ ਤੇ ਸਾਰੇ ਸਮਯੋਗਤਾ ਵਰਗਾਂ ਵਿੱਚ ਵਿਵਸਥਾ ਕਰਨ ਸਬੰਧੀ ਯੂਨੀਵਰਸਿਟੀ ਸਥਾਪਤ ਕਰਨ ਲਈ ਰਾਜ ਸਰਕਾਰ ਨੂੰ ਤਜਵੀਜ਼ ਪੇਸ਼ ਕੀਤੀ ਗਈ ਸੀ;

ਜਦੋਂ ਕਿ ਰਾਜ ਸਰਕਾਰ ਉਕਤ ਦਰਸਾਈ ਗਈ ਸੋਸਾਇਟੀ ਦੀ ਤਜਵੀਜ਼ ਨੂੰ ਧਿਆਨ ਨਾਲ ਵਿਚਾਰਦੇ ਹੋਏ, ਇਸ ਨਤੀਜੇ ਤੇ ਪਹੁੰਚੀ ਕਿ ਉਕਤ ਸੋਸਾਇਟੀ ਯੂਨੀਵਰਸਿਟੀ ਸਥਾਪਤ ਕਰਨ ਅਤੇ ਉਸ ਨੂੰ ਚਲਾਉਣ ਦੇ ਯੋਗ ਹੈ ਅਤੇ ਇਸ ਅਨੁਸਾਰ ਹੀ ਰਾਜ ਸਰਕਾਰ ਵੱਲੋਂ ਦਰਸਾਈ ਗਈ ਨਿੱਜੀ ਯੂਨੀਵਰਸਿਟੀ ਸਥਾਪਤ ਕਰਨ ਲਈ ਉਨ੍ਹਾਂ ਦੀ ਤਜਵੀਜ਼ ਪ੍ਰਵਾਨ ਕਰ ਲਈ ਗਈ ਹੈ;

ਅਤੇ ਜਦੋਂ ਕਿ ਉਕਤ ਹਵਾਲਾ ਕੀਤੇ ਗਏ ਹਾਲਾਤਾਂ ਵਿੱਚ, ਉਪਰੋਕਤ ਦਰਸਾਏ ਗਏ ਪ੍ਰਯੋਜਨਾਂ ਲਈ ਸੀ.ਟੀ. ਯੂਨੀਵਰਸਿਟੀ, ਲੁਧਿਆਣਾ ਦੀ ਜਲਦੀ ਸਥਾਪਨਾ ਕਰਨੀ ਉਚਿਤ ਸਮਝੀ ਜਾਂਦੀ ਹੈ।

ਭਾਰਤ ਗਣਰਾਜ ਦੇ ਸਤਾਹਟਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਸੀ. ਟੀ. ਯੂਨੀਵਰਸਿਟੀ ਐਕਟ, 2016 ਕਿਹਾ ਜਾ ਸਕੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) 'ਅਕਾਦਮਿਕ ਕੌਂਸਲ' ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) 'ਅਥਾਰਟੀਆਂ' ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) 'ਪ੍ਰਬੰਧ-ਬੋਰਡ' ਦਾ ਮਤਲਬ ਹੈ ਯੂਨੀਵਰਸਿਟੀ ਦਾ ਪ੍ਰਬੰਧ ਬੋਰਡ;

(ਸ) 'ਅਧਿਐਨ ਬੋਰਡ' ਦਾ ਮਤਲਬ ਹੈ ਸ਼ਾਸਕ ਬੌਡੀ ਦੁਆਰਾ ਗਠਤ ਕੀਤੀ ਗਈ ਇੱਕ ਬੌਡੀ;

(ਹ) 'ਕੈਂਪਸ' ਦਾ ਮਤਲਬ ਹੈ ਜੁੜਵਾਂ ਖੇਤਰ ਜਿਸ ਵਿੱਚ ਯੂਨੀਵਰਸਿਟੀ ਸਥਿਤ ਹੈ;

(ਕ) 'ਚੇਅਰਮੈਨ' ਦਾ ਮਤਲਬ ਹੈ ਸੋਸਾਇਟੀ ਦਾ ਚੇਅਰਮੈਨ;

(ਖ) 'ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਗ) 'ਮੁੱਖ ਵਿੱਤ ਅਤੇ ਲੇਖਾ ਅਧਿਕਾਰੀ' ਦਾ ਮਤਲਬ ਹੈ ਯੂਨੀਵਰਸਿਟੀ ਦਾ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ;

(ਘ) 'ਡੀਨ' ਦਾ ਮਤਲਬ ਹੈ ਯੂਨੀਵਰਸਿਟੀ ਦਾ ਡੀਨ;

(ਙ) 'ਸ਼ਾਸਕ ਬੌਡੀ' ਦਾ ਮਤਲਬ ਹੈ ਯੂਨੀਵਰਸਿਟੀ ਦੀ ਸ਼ਾਸਕ ਬੌਡੀ;

(ਚ) 'ਸੰਸਥਾ' ਦਾ ਮਤਲਬ ਹੈ ਕੈਂਪਸ ਦੇ ਅੰਦਰ 'ਯੂਨੀਵਰਸਿਟੀ' ਦੁਆਰਾ ਚਲਾਈ ਜਾ ਰਹੀ ਜਾਂ ਪ੍ਰਬੰਧ ਕੀਤੀ ਗਈ ਸੰਸਥਾ ਜਾਂ ਵਿਦਿਆਲਾ

ਜਾਂ ਕਾਲਜ ਜਾਂ ਅਕਾਦਮਿਕ ਕੇਂਦਰ (ਜੋ ਕਿ ਕਿਸੇ ਵੀ ਨਾਂ ਨਾਲ ਜਾਣਿਆ ਜਾਂਦਾ ਹੋਵੇ);

(ਛ) 'ਮੁਕੱਰਰ' ਦਾ ਮਤਲਬ ਹੈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਗਿਆ;

(ਜ) 'ਰਜਿਸਟਰਾਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਝ) 'ਸੋਸਾਇਟੀ' ਦਾ ਮਤਲਬ ਹੈ ਸੋਸਾਇਟੀ ਰਜਿਸਟ੍ਰੇਸ਼ਨ ਐਕਟ, 1860 (1860 ਦਾ XXI) ਅਧੀਨ ਰਜਿਸਟਰਸ਼ੁਦਾ ਸੀ.ਟੀ. ਸਿੱਖਿਅਕ ਸੋਸਾਇਟੀ;

(ਞ) 'ਰਾਜ ਸਰਕਾਰ' ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਟ) 'ਪ੍ਰਵਿਧਾਨਾਂ', 'ਆਰਡੀਨੈਂਸਾਂ' ਅਤੇ 'ਵਿਨਿਯਮਾਂ' ਦਾ ਮਤਲਬ ਹੈ ਇਸ ਦੁਆਰਾ ਇਸ ਐਕਟ ਅਧੀਨ ਬਣਾਏ ਯੂਨੀਵਰਸਿਟੀ ਦੇ 'ਪ੍ਰਵਿਧਾਨ', 'ਆਰਡੀਨੈਂਸ' ਅਤੇ 'ਵਿਨਿਯਮ';

(ਠ) 'ਅਧਿਆਪਕ', ਜਿਸ ਵਿੱਚ ਪ੍ਰੋਫ਼ੈਸਰ, ਰੀਡਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਅਤੇ ਕੋਈ ਅਜਿਹਾ ਹੋਰ ਵਿਅਕਤੀ ਜੋ ਯੂਨੀਵਰਸਿਟੀ ਵਿੱਚ ਸਿੱਖਿਆ ਦਿੰਦਾ ਹੈ, ਸ਼ਾਮਲ ਹਨ;

(ਡ) 'ਯੂਨੀਵਰਸਿਟੀ' ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਸੀ. ਟੀ. ਯੂਨੀਵਰਸਿਟੀ;

(ਢ) 'ਵਾਈਸ-ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ; ਅਤੇ

(ਣ) 'ਵਿਜ਼ਿਟਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਜ਼ਿਟਰ।

ਯੂਨੀਵਰਸਿਟੀ ਦੀ ਸਥਾਪਨਾ।

3. (1) ਪੰਜਾਬ ਰਾਜ ਵਿੱਚ ਸੀ. ਟੀ. ਯੂਨੀਵਰਸਿਟੀ ਦੇ ਨਾਂ ਨਾਲ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ।

(2) ਯੂਨੀਵਰਸਿਟੀ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਸੋਸਾਇਟੀ ਦੁਆਰਾ ਚਲਾਈ ਅਤੇ ਉਸ ਦੁਆਰਾ ਉਸਦਾ ਪ੍ਰਬੰਧ ਕੀਤਾ ਜਾਵੇਗਾ।

(3) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਨਾਂ ਦੁਆਰਾ ਇੱਕ ਨਿਗਮਤ ਬੌਡੀ ਹੋਵੇਗੀ ਅਤੇ ਇਸ ਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇਸ ਦੀ ਇੱਕ ਸਾਂਝੀ ਮੁਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਨੂੰ ਅਰਜਤ ਕਰਨ, ਧਾਰਨ ਕਰਨ ਅਤੇ ਉਸ ਦਾ ਨਿਬੇੜਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਸੀ.ਟੀ. ਸਿੱਖਿਅਕ ਸੋਸਾਇਟੀ, ਗ੍ਰੇਟਰ ਕੈਲਾਸ਼, ਜੀ.ਟੀ. ਰੋਡ ਮਕਸੂਦਾਂ, ਜਲੰਧਰ-144008 ਵਿਖੇ ਹੋਵੇਗਾ।

(5) ਯੂਨੀਵਰਸਿਟੀ ਸਵੈ-ਵਿੱਤ ਪੋਸ਼ਣ ਹੋਵੇਗੀ ਅਤੇ ਇਹ ਰਾਜ ਸਰਕਾਰ ਪਾਸੋਂ ਕੋਈ ਗ੍ਰਾਂਟ ਜਾਂ ਕਿਸੇ ਹੋਰ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਹੱਕਦਾਰ ਨਹੀਂ ਹੋਵੇਗੀ।

ਯੂਨੀਵਰਸਿਟੀ ਦੇ ਉਦੇਸ਼।

4. ਯੂਨੀਵਰਸਿਟੀ ਦੇ ਹੇਠ-ਲਿਖੇ ਉਦੇਸ਼ ਹੋਣਗੇ,-

(i) ਪੇਸ਼ੇਵਰ, ਡਾਕਟਰੀ, ਤਕਨੀਕੀ, ਆਮ ਸਿੱਖਿਆ ਸਮੇਤ ਉਚੇਰੀ ਸਿੱਖਿਆ ਦੇ ਸਾਰੇ ਖੇਤਰਾਂ ਵਿੱਚ ਸਾਰੇ ਪੱਧਰਾਂ ਤੇ ਸਿੱਖਿਆ, ਅਧਿਆਪਨ, ਵਿੱਦਿਆ, ਖੋਜ ਅਤੇ ਸਿਖਲਾਈ ਪ੍ਰਦਾਨ ਕਰਨੀ ਅਤੇ ਯੂਨੀਵਰਸਿਟੀ ਦੁਆਰਾ ਜਿਵੇਂ ਜ਼ਰੂਰੀ ਸਮਝਿਆ ਜਾਵੇ, ਸਿੱਖਿਆ ਦੇ ਉਨ੍ਹਾਂ ਸਾਰੇ ਤਰੀਕਿਆਂ ਦੁਆਰਾ ਜੋ ਭਵਿੱਖ ਵਿੱਚ ਆ ਸਕਦੇ ਹੋਣ, ਜਾਂ ਮਹੱਤਵਪੂਰਨ ਬਣ ਸਕਦੇ ਹੋਣ, ਉਦਯੋਗ ਅਤੇ ਸਮਾਜ ਦੀ ਆਮ ਜ਼ਰੂਰਤ ਅਨੁਸਾਰ ਅਜਿਹੇ ਹੋਰ ਸਮਯੋਗਤਾ ਵਰਗ ਵਿੱਚ ਅਤੇ ਵਿਸ਼ੇ ਵਿੱਚ ਸਿੱਖਿਆ ਅਤੇ ਸਿਖਲਾਈ ਨੂੰ ਲਗਾਤਾਰ ਜਾਰੀ ਰੱਖਣਾ;

(ii) ਪੇਂਡੂ ਵਿਦਿਆਰਥੀਆਂ ਦੇ ਅਕਾਦਮਿਕ ਅਭਿਲਾਸ਼ੀਆਂ ਨੂੰ ਪ੍ਰਫੁੱਲਤ ਕਰਨਾ;

(iii) ਉਦਯੋਗ ਆਧਾਰਤ ਅਧਿਆਪਨ, ਸਿਖਲਾਈ ਅਤੇ ਖੋਜ ਦੇ ਵਿਸਤਾਰ ਪ੍ਰੋਗਰਾਮਾਂ ਨੂੰ ਆਪਣੇ ਜ਼ਿੰਮੇ ਲੈਣਾ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਦੇਣ ਦੀ ਦ੍ਰਿਸ਼ਟੀ ਤੋਂ ਰੁਜ਼ਗਾਰ ਯੋਗ ਹੁਨਰ ਪ੍ਰਦਾਨ ਕਰਨਾ;

(iv) ਖੋਜ, ਸਿਰਜਨ, ਗਿਆਨ, ਬੁੱਧੀ ਅਤੇ ਸਮਝ ਦੀ ਉੱਨਤੀ ਅਤੇ ਪ੍ਰਸਾਰ ਕਰਨ ਲਈ ਵਿਵਸਥਾ ਕਰਨਾ;

(v) ਅਕਾਦਮਿਕ ਉਦਯੋਗ ਸਬੰਧ ਲਈ ਮੁੱਖ ਉਦਯੋਗਿਕ ਘਰਾਣਿਆਂ ਨੂੰ ਕੈਂਪਸ ਵਿੱਚ ਉਹਨਾਂ ਦੇ ਸੰਬੰਧਤ ਨਿਗਮਤ ਸੰਸਥਾਵਾਂ ਨੂੰ ਸਥਾਪਤ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰਨਾ;

(vi) ਗਿਆਨ ਦਾ ਪ੍ਰਸਾਰ ਕਰਨਾ ਤਾਂ ਜੋ ਇਸ ਨੂੰ ਸਮਾਜ ਦੀ ਹਰ ਸ਼੍ਰੇਣੀ ਤੱਕ ਪਹੁੰਚਯੋਗ ਬਣਾਇਆ ਜਾ ਸਕੇ;

(vii) ਪੰਜਾਬੀ ਅਧਿਐਨ ਨੂੰ ਤਰੱਕੀ ਦੇਣਾ, ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਖੋਜ ਲਈ ਵਿਵਸਥਾ ਕਰਨਾ, ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਉਪਾਅ ਕਰਨੇ; ਅਤੇ

(viii) ਅਜਿਹੇ ਸਭ ਕਾਰਜਾਂ ਨੂੰ ਕਰਨਾ ਜਿਵੇਂ ਕਿ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਣੀ ਹੋਣ।

5. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ ਜੋ ਕਿ ਉਸ ਦੁਆਰਾ ਜਾਂ ਉਸ ਦੇ ਅਧਿਕਾਰੀਆਂ ਅਤੇ ਅਥਾਰਟੀਆਂ ਦੁਆਰਾ ਵਰਤੋਂ ਕੀਤੀਆਂ ਜਾਣਗੀਆਂ ਅਤੇ ਨਿਭਾਏ ਜਾਣਗੇ, ਅਰਥਾਤ:- ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

(i) ਅਧਿਐਨ, ਅਧਿਆਪਨ, ਸਿਖਲਾਈ, ਖੋਜ, ਸਲਾਹ-ਮਸ਼ਵਰੇ ਦੇ ਕੋਰਸਾਂ ਨੂੰ ਸ਼ੁਰੂ ਕਰਨ ਸਬੰਧੀ (ਪਾਠਕ੍ਰਮ ਨੂੰ ਅਪਣਾਉਣ ਅਤੇ ਇਸ ਨੂੰ ਆਧੁਨਿਕ ਬਣਾਉਣ ਸਮੇਤ) ਅਤੇ ਇਨ੍ਹਾਂ ਕੋਰਸਾਂ ਨਾਲ ਸਬੰਧਤ ਆਨਲਾਈਨ ਸਿੱਖਿਆ ਦੇ ਤਰੀਕਿਆਂ ਸਮੇਤ, ਰਵਾਇਤੀ ਅਤੇ ਨਾਲ-ਨਾਲ ਨਵੇਂ ਨਵੀਨਕਾਰੀ ਤਰੀਕਿਆਂ ਰਾਹੀਂ ਸਬੰਧੀਕਰਨ ਪ੍ਰਦਾਨ ਕਰਨ ਲਈ ਸਾਰੇ ਉਪਾਅ ਕਰਨੇ ਅਤੇ ਵਿਵਸਥਾਵਾਂ ਕਰਨੀਆਂ;

(ii) ਡਾਕਟਰੇਟ, ਮਾਸਟਰਜ਼, ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਪ੍ਰਦਾਨ ਕਰਨ ਜਾਂ ਦੇਣ ਲਈ ਪ੍ਰੀਖਿਆਵਾਂ ਕਰਵਾਉਣੀਆਂ;

(iii) ਜਿਵੇਂ ਕਿ ਯੂਨੀਵਰਸਿਟੀ ਦੁਆਰਾ ਇਸ ਦੇ ਕੈਂਪਸ ਜਾਂ ਇਸ ਦੀਆਂ ਸੰਸਥਾਵਾਂ ਨੂੰ ਜ਼ਰੂਰਤ ਹੋਵੇ ਉਸ ਅਨੁਸਾਰ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਰੀਡਰ, ਲੈਕਚਰਾਰ ਜਾਂ ਇਸ ਦੇ ਬਰਾਬਰ ਦੇ ਕਿਸੇ ਹੋਰ ਅਹੁਦੇ ਨੂੰ ਸੰਸਥਿਤ ਅਤੇ ਪ੍ਰਦਾਨ ਕਰਨਾ ਅਤੇ ਅਜਿਹੇ ਵਿਅਕਤੀਆਂ ਦੀ ਨਿਯੁਕਤੀ ਕਰਨੀ;

(iv) ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ ਫੈਲੋਸ਼ਿਪਾਂ, ਵਜ਼ੀਫ਼ਾ, ਵਿਦਿਆਰਥੀ-ਵਜੀਫ਼ਾ, ਪ੍ਰਦਰਸ਼ਨੀ ਸੰਸਥਿਤ ਅਤੇ ਐਵਾਰਡ ਦੇਣਾ;

(v) ਉਨ੍ਹਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਵੱਲੋਂ ਕਿਸੇ ਦੂਸਰੀ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਜਾਂ ਪਰਿਸ਼ਦ ਜਾਂ ਭਾਰਤ ਵਿੱਚ ਕਿਸੇ ਹੋਰ ਸ਼ਕਤਵਾਨ ਅਥਾਰਟੀ ਤੋਂ ਅੰਸ਼ਕ ਜਾਂ ਪੂਰਨ ਤੌਰ ਤੇ ਕੋਰਸ ਪੂਰੇ ਕੀਤੇ ਗਏ ਹਨ, ਉਹਨਾਂ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਨੂੰ ਬਰਾਬਰਤਾ ਪ੍ਰਦਾਨ ਕਰਨੀ;

(vi) ਪਰਸਪਰ ਆਧਾਰ ਤੇ ਦੂਸਰੀਆਂ ਯੂਨੀਵਰਸਿਟੀਆਂ ਦੀ ਤੁਲਨਾ ਵਿੱਚ ਦੋਹਰੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰਦਾਨ ਕਰਨੇ;

(vii) ਕੈਂਪਸ ਵਿੱਚ ਕੇਂਦਰੀ ਲਾਇਬਰੇਰੀ, ਵਿਭਾਗੀ ਲਾਇਬਰੇਰੀਆਂ, ਅਜਾਇਬ-ਘਰ ਅਤੇ ਸਮਵਰਤੀ ਮਾਮਲਿਆਂ ਨੂੰ ਸਥਾਪਤ ਕਰਨਾ;

(viii) ਫ਼ੀਸਾਂ ਅਤੇ ਹੋਰ ਖਰਚਿਆਂ ਦੀ ਮੰਗ ਕਰਨੀ ਅਤੇ ਇਕੱਠਾ ਕਰਨਾ ਜਿਵੇਂ ਕਿ ਮੁਕੱਰਰ ਕੀਤਾ ਜਾਵੇ;

(ix) ਯੂਨੀਵਰਸਿਟੀ ਦੇ ਪੱਖ ਵਿੱਚ ਬਣਾਈ ਗਈ ਸੋਸਾਇਟੀ ਅਤੇ ਇੰਡੋਮੈਂਟ ਦੇ ਫ਼ੰਡਾਂ ਨੂੰ ਧਾਰਣ ਕਰਨਾ, ਉਸ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੀ ਵਰਤੋਂ ਕਰਨਾ;

(x) ਜਿਵੇਂ ਕਿ ਮੁਕੱਰਰ ਕੀਤਾ ਗਿਆ ਸਨਮਾਨਸੂਚਕ ਡਿਗਰੀਆਂ ਸੰਸਥਿਤ ਅਤੇ ਪ੍ਰਦਾਨ ਕਰਨੀਆਂ;

(xi) ਅਕਾਦਮਿਕ ਉੱਤਮਤਾ ਦੇ ਕਾਰਜਾਂ ਨੂੰ ਛਾਪਣਾ ਅਤੇ ਪ੍ਰਕਾਸ਼ਿਤ ਕਰਨਾ ਅਤੇ ਉੱਤਮਤਾ ਦੀ ਚੇਅਰਜ਼ ਸਥਾਪਤ ਕਰਨਾ;

(xii) ਸਮਾਜ ਦੇ ਸਿੱਖਿਅਕ ਤੌਰ ਤੇ ਪੱਛੜੇ ਸਤਰ ਵਿੱਚ ਸਿੱਖਿਅਕ ਸੁਵਿਧਾ ਦੇ ਪ੍ਰਸਾਰ ਲਈ ਵਿਸ਼ੇਸ਼ ਉਪਾਅ ਕਰਨੇ;

(xiii) ਖੇਡਾਂ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਫੁੱਲਤ ਕਰਨਾ;

(xiv) ਤਕਨੀਕੀ, ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਆਸਾਮੀਆਂ ਦੀ ਸਿਰਜਨਾ ਕਰਨਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(xv) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਹੋਰ ਕੇਂਦਰੀ ਜਾਂ ਰਾਜ ਏਜੰਸੀਆਂ ਪਾਸੋਂ ਗ੍ਰਾਂਟਾਂ ਪ੍ਰਾਪਤ ਕਰਨੀਆਂ;

(xvi) ਯੂਨੀਵਰਸਿਟੀ ਲਈ ਕਰਜ਼ੇ ਅਤੇ ਪੇਸ਼ਗੀ ਰਕਮ ਨੂੰ ਪ੍ਰਾਪਤ ਕਰਨਾ ਅਤੇ ਧਨ ਇਕੱਠਾ ਕਰਨਾ;

(xvii) ਖੇਤੀਬਾੜੀ, ਉਦਯੋਗ ਅਤੇ ਕਾਰੋਬਾਰ ਦੇ ਬਾਰੇ ਪਰਸਪਰ ਤੌਰ ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ 'ਤੇ ਖੋਜ ਪ੍ਰੋਜੈਕਟਾਂ ਦਾ ਜ਼ਿੰਮਾ ਲੈਣਾ;

(xviii) ਮਸ਼ਵਰਾ ਸੇਵਾਵਾਂ ਮੁਹੱਈਆ ਕਰਨਾ;

(xix) ਯੂਨੀਵਰਸਿਟੀ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਦੇ ਸਖ਼ਸੀਅਤ ਵਿਕਾਸ ਲਈ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਫੁੱਲਤ ਕਰਨਾ;

(xx) ਯੂਨੀਵਰਸਿਟੀ ਵਿੱਚ ਨਿਹਿਤ ਜਾਂ ਯੂਨੀਵਰਸਿਟੀ ਨਾਲ ਸਬੰਧਤ ਕਿਸੇ ਚੁੱਕਵੀਂ ਜਾਂ ਅਚੁੱਕਵੀਂ ਸੰਪਤੀ ਨੂੰ ਖਰੀਦਣਾ, ਅਰਜਤ

ਕਰਨਾ ਅਤੇ ਪੱਟੇ ਤੇ ਲੈਣਾ ਜਾਂ ਰਹਿਨ ਕਰਨਾ ਅਤੇ ਕਿਸੇ ਵੀ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਵੇਚਣਾ, ਪੱਟੇ ਤੇ ਦੇਣਾ, ਰਹਿਨ ਕਰਨਾ, ਹੱਥ ਬਦਲੀ ਕਰਨਾ ਅਤੇ ਇੰਤਕਾਲ ਕਰਨਾ;

(xxi) ਵਿਦਿਆਰਥੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫ਼ੀਸ ਢਾਂਚਾ ਮੁਕੱਰਰ ਕਰਨਾ;

(xxii) ਪਰਸਪਰ ਤੌਰ 'ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ ਤੇ ਹੋਰ ਸੰਸਥਾਵਾਂ ਨਾਲ ਮਿਲਵਰਤਨ ਚਾਹੁਣਾ;

(xxiii) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੇ ਗਏ ਮਾਪਾਂ ਅਨੁਸਾਰ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ, ਮਿਹਨਤਾਨੇ ਅਤੇ ਮਾਣ-ਭੱਤੇ ਨੂੰ ਨਿਸ਼ਚਿਤ ਕਰਨਾ, ਨਿਰਧਾਰਤ ਕਰਨਾ ਅਤੇ ਉਹਨਾਂ ਨੂੰ ਮੁਹੱਈਆ ਕਰਵਾਉਣਾ;

(xxiv) ਰਾਜ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਬਣਾਈ ਗਈ ਕਿਸੇ ਹੋਰ ਬੌਡੀ ਪਾਸੋਂ ਸਵੈ-ਤਸਦੀਕ ਕਰਨ ਲਈ ਕਿਸੇ ਆਗਿਆ, ਪ੍ਰਵਾਨਗੀ, ਲਸੰਸ, ਸਰਟੀਫਿਕੇਟ, ਇਤਰਾਜ਼ਹੀਣਤਾ ਸਰਟੀਫਿਕੇਟ ਜਾਂ ਅਧਿਕਾਰ ਪ੍ਰਾਪਤ ਕਰਨ ਤੋਂ ਛੋਟ ਦਿੱਤੀ ਜਾਵੇਗੀ;

(xxv) ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਪ੍ਰਵਿਧਾਨ, ਆਰਡੀਨੈਂਸ ਅਤੇ ਵਿਨਿਯਮ ਬਣਾਉਣੇ; ਅਤੇ

(xxvi) ਅਜਿਹੇ ਹੋਰ ਸਭ ਕਾਰਜ ਕਰਨਾ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਣੀ ਹੋ ਸਕਦੇ ਹੋਣ।

ਯੂਨੀਵਰਸਿਟੀ ਦੀ ਅਧਿਕਾਰਤਾ।

6. (1) ਯੂਨੀਵਰਸਿਟੀ ਆਪਣੇ ਕੈਂਪਸਾਂ ਦੇ ਅੰਦਰ ਹੀ ਅਧਿਕਾਰਤਾ ਦੀ ਵਰਤੋਂ ਕਰੇਗੀ।

(2) ਯੂਨੀਵਰਸਿਟੀ ਉਨ੍ਹਾਂ ਸਿੱਖਿਅਕ ਜਾਂ ਪੇਸ਼ਾਵਰ ਸੰਸਥਾਵਾਂ ਨੂੰ ਆਪਣੇ ਨਾਲ ਸੰਬੱਧ ਕਰੇਗੀ ਜਿਹੜੀਆਂ ਕੈਂਪਸ ਅੰਦਰ ਸੋਸਾਇਟੀ ਦੁਆਰਾ ਸਥਾਪਤ ਕੀਤੀਆਂ, ਚਲਾਈਆਂ ਜਾਂਦੀਆਂ ਹਨ ਜਾਂ ਉਹਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਨ੍ਹਾਂ ਸਬੰਧੀ ਸੋਸਾਇਟੀ ਦੁਆਰਾ ਵਿਸ਼ੇਸ਼ ਫ਼ੈਸਲਾ ਲਿਆ ਜਾਂਦਾ ਹੈ।

ਯੂਨੀਵਰਸਿਟੀ ਦੇ ਅਧਿਕਾਰੀ।

7. (1) ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਵਿਜ਼ਿਟਰ;

(ii) ਚਾਂਸਲਰ;

(iii) ਵਾਈਸ-ਚਾਂਸਲਰ;

(iv) ਰਜਿਸਟਰਾਰ;

(v) ਫੈਕਲਟੀਆਂ ਦੇ ਡੀਨ;

(vi) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ; ਅਤੇ

(vii) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ, ਜਿਵੇਂ ਕਿ ਪ੍ਰਵਿਧਾਨਾਂ ਦੁਆਰਾ ਐਲਾਨ ਕੀਤੇ ਜਾਣ, ਯੂਨੀਵਰਸਿਟੀ ਦੇ ਅਧਿਕਾਰੀ ਹੋਣਗੇ।

ਵਿਜ਼ਿਟਰ।

8. (1) ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਵਿਜ਼ਿਟਰ ਹੋਵੇਗਾ।

(2) ਵਿਜ਼ਿਟਰ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(3) ਵਿਜ਼ਿਟਰ ਨੂੰ ਯੂਨੀਵਰਸਿਟੀ ਦੇ ਮਾਮਲਿਆਂ ਸਬੰਧੀ ਕੋਈ ਵੀ ਸੂਚਨਾ ਲੈਣ ਦਾ ਅਧਿਕਾਰ ਹੋਵੇਗਾ।

(4) ਵਿਜ਼ਿਟਰ, ਚਾਂਸਲਰ ਨਾਲ ਮਸ਼ਵਰਾ ਕਰਕੇ, ਅਜਿਹੇ ਵਿਅਕਤੀ ਦੁਆਰਾ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾ ਸਕੇਗਾ, ਜਿਵੇਂ ਕਿ ਉਹ ਯੂਨੀਵਰਸਿਟੀ ਦੇ ਪ੍ਰਬੰਧਕੀ, ਅਕਾਦਮਿਕ ਜਾਂ ਕਾਰਜਕਾਰੀ ਮਾਮਲਿਆਂ ਦੇ ਸੰਬੰਧ ਵਿੱਚ ਨਿਰਦੇਸ਼ ਦੇ ਸਕਦਾ ਹੋਵੇ।

(5) ਵਿਜ਼ਿਟਰ, ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਆਪਣੇ ਇਰਾਦੇ ਸਬੰਧੀ ਹਰੇਕ ਮਾਮਲੇ ਵਿੱਚ ਯੂਨੀਵਰਸਿਟੀ ਨੂੰ ਨੋਟਿਸ ਦੇਵੇਗਾ ਅਤੇ ਜਿਹੀ ਕਿ ਸੂਰਤ ਹੋਵੇ, ਯੂਨੀਵਰਸਿਟੀ ਆਪਣਾ ਇੱਕ ਪ੍ਰਤੀਨਿਧ ਨਿਯੁਕਤ ਕਰੇਗੀ ਜੋ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਸਮੇਂ ਹਾਜ਼ਰ ਰਹੇਗਾ।

(6) ਵਿਜ਼ਿਟਰ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਦੇ ਨਤੀਜਿਆਂ ਬਾਰੇ ਵਾਈਸ-ਚਾਂਸਲਰ ਨੂੰ ਸੂਚਨਾ ਦੇ ਸਕੇਗਾ ਅਤੇ ਵਾਈਸ-ਚਾਂਸਲਰ ਵਿਜ਼ਿਟਰ ਦੇ ਵਿਚਾਰਾਂ ਨਾਲ ਅਜਿਹੀ ਸਲਾਹ ਤੇ ਜੋ ਵਿਜ਼ਿਟਰ ਵੱਲੋਂ ਦਿੱਤੀ ਗਈ ਹੋਵੇ ਅਤੇ ਅਜਿਹੀ ਸਲਾਹ ਤੇ ਕੀਤੀ ਗਈ ਕਾਰਵਾਈ ਸਬੰਧੀ ਸ਼ਾਸਕ ਬੌਡੀ ਨੂੰ ਸੂਚਨਾ ਦੇਵੇਗਾ।

(7) ਵਾਈਸ-ਚਾਂਸਲਰ ਵਿਜ਼ਿਟਰ ਨੂੰ ਉਸ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਹੀ ਕਿਸੇ ਹੋਰ ਗੱਲ, ਜਿਹੀ ਕਿ ਸੂਰਤ ਹੋਵੇ, ਸਬੰਧੀ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਜਾਂ ਤਜਵੀਜ਼ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕਰੇਗਾ।

(8) ਜੇ ਰਾਜ ਸਰਕਾਰ ਲੋਕ ਹਿੱਤ ਵਿੱਚ ਯੂਨੀਵਰਸਿਟੀ ਜਾਂ ਉਸਦੀਆਂ ਸੰਸਥਾਵਾਂ ਨਾਲ ਸਬੰਧਤ ਕਿਸੇ ਮਾਮਲੇ ਵਿੱਚ ਨਿਰੀਖਣ, ਛਾਣਬੀਣ, ਪੁੱਛ-ਗਿੱਛ,

ਸਰਵੇਖਣ ਜਾਂ ਜਾਂਚ-ਪੜਤਾਲ, ਜਿਹੀ ਕਿ ਸੂਰਤ ਹੋਵੇ, ਕਰਵਾਉਣੀ ਉਚਿਤ ਸਮਝਦੀ ਹੈ ਤਾਂ ਰਾਜ ਸਰਕਾਰ ਦੁਆਰਾ ਇਸ ਬਾਰੇ ਵਿਜ਼ਿਟਰ ਨੂੰ ਹਵਾਲਾ ਕੀਤਾ ਜਾਵੇਗਾ ਜੋ ਚਾਂਸਲਰ ਨਾਲ ਮਸ਼ਵਰਾ ਕਰਕੇ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਕਰਵਾਏਗਾ।

9. (1) ਚੇਅਰਮੈਨ, ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਅਤੇ ਚਾਂਸਲਰ ਵਿਜ਼ਿਟਰ ਦੀ ਗੈਰ-ਹਾਜ਼ਰੀ ਵਿੱਚ, ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ। ਚਾਂਸਲਰ।

(2) ਚਾਂਸਲਰ ਸ਼ਾਸਕ ਬੌਡੀ ਦਾ ਚੇਅਰਮੈਨ ਹੋਵੇਗਾ ਅਤੇ ਉਹ ਆਪਣੇ-ਆਪ ਜਾਂ ਯੂਨੀਵਰਸਿਟੀ ਦੀ ਸਬੰਧਤ ਅਥਾਰਟੀ ਦੀ ਸਿਫ਼ਾਰਸ਼ ਤੇ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ, ਨਾਮਜ਼ਦਗੀਆਂ, ਹਟਾਉਣਾ, ਮੁਅੱਤਲੀਆਂ ਅਤੇ ਮੁੜ-ਬਹਾਲੀਆਂ ਕਰਨ ਦੀ ਪ੍ਰਵਾਨਗੀ ਦੇਵੇਗਾ।

(3) ਚਾਂਸਲਰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਵੱਲੋਂ ਲਏ ਗਏ ਕਿਸੇ ਵੀ ਫ਼ੈਸਲੇ ਨੂੰ ਸੋਧ ਜਾਂ ਉਸ ਨੂੰ ਪਰਤਾ ਸਕੇਗਾ ਅਤੇ ਆਪਣੇ-ਆਪ ਜਾਂ ਕਿਸੇ ਹੋਰ ਤਰ੍ਹਾਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਯੂਨੀਵਰਸਿਟੀ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਨੂੰ ਚੱਲਦੇ ਰੱਖਣ ਲਈ ਸਾਰੇ ਲੋੜੀਂਦੇ ਜ਼ਰੂਰੀ ਕੰਮ ਕਰ ਸਕੇਗਾ।

(4) ਚਾਂਸਲਰ ਕੋਲ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਅਤੇ ਇਸ ਨਾਲ ਅਨੁਸੰਗਕ ਕਿਸੇ ਮਾਮਲੇ ਸਬੰਧੀ ਅਜਿਹੇ ਹੋਰ ਸਾਰੇ ਕਾਰਜ ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਚਾਂਸਲਰ ਵੱਲੋਂ ਲਏ ਗਏ ਸਾਰੇ ਫ਼ੈਸਲੇ ਅੰਤਿਮ ਹੋਣਗੇ ਅਤੇ ਯੂਨੀਵਰਸਿਟੀ ਨਾਲ ਸਬੰਧਤ ਸਾਰਿਆਂ ਲਈ ਬੰਧਨਕਾਰੀ ਹੋਣਗੇ।

(5) ਜੇ ਚਾਂਸਲਰ ਦੀ ਰਾਏ ਵਿੱਚ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਅਥਾਰਟੀ ਦਾ ਕੋਈ ਫ਼ੈਸਲਾ ਇਸ ਐਕਟ ਜਾਂ ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਜਾਂ ਵਿਨਿਯਮਾਂ ਅਧੀਨ ਸੌਂਪੀਆਂ ਗਈਆਂ ਸ਼ਕਤੀਆਂ ਤੋਂ ਬਾਹਰ ਹੈ ਜਾਂ ਉਨ੍ਹਾਂ ਦਾ ਯੂਨੀਵਰਸਿਟੀ ਦੇ ਹਿੱਤਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਤਾਂ ਉਹ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ ਆਪਣੇ ਫ਼ੈਸਲੇ ਨੂੰ ਸੋਧਣ ਲਈ ਕਹੇਗਾ ਅਤੇ ਜੇਕਰ ਅਧਿਕਾਰੀ ਜਾਂ ਅਥਾਰਟੀ ਅਜਿਹੇ ਫ਼ੈਸਲੇ ਵਿੱਚ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ ਸੋਧ ਕਰਨ ਤੋਂ ਇਨਕਾਰ ਕਰਦੀ ਹੈ ਜਾਂ ਪੰਦਰਾਂ ਦਿਨ ਦੀ ਮੁੱਦਤ ਦੇ ਅੰਦਰ ਉਸ ਤੇ ਕੋਈ ਫ਼ੈਸਲਾ ਲੈਣ ਵਿੱਚ ਅਸਫ਼ਲ ਰਹਿੰਦੀ ਹੈ ਤਾਂ ਉਸ ਮਾਮਲੇ ਵਿੱਚ ਚਾਂਸਲਰ ਦਾ ਫ਼ੈਸਲਾ ਅੰਤਿਮ ਹੋਵੇਗਾ।

(6) ਜੇ ਕਿਸੇ ਵੀ ਸਮੇਂ ਕਿਸੇ ਪ੍ਰਤੀਬੇਨਤੀ ਦੇ ਪ੍ਰਾਪਤ ਹੋਣ 'ਤੇ ਜਾਂ ਹੋਰ ਤਰ੍ਹਾਂ ਚਾਂਸਲਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਜਾਂ ਕੋਈ ਹੋਰ ਅਧਿਕਾਰੀ ਵੱਲੋਂ,-

(ੳ) ਇਸ ਐਕਟ ਅਧੀਨ ਜਾਂ ਹੋਰ ਤਰ੍ਹਾਂ ਉਸ ਤੇ ਅਰੋਪੇ ਗਏ ਕਿਸੇ ਕਰਤੱਵ ਨੂੰ ਨਿਭਾਉਣ ਵਿੱਚ ਕੋਤਾਹੀ ਕੀਤੀ ਗਈ ਹੈ; ਜਾਂ

(ਅ) ਕੋਈ ਕਾਰਵਾਈ ਇਸ ਤਰੀਕੇ ਨਾਲ ਕੀਤੀ ਗਈ ਹੈ ਜੋ ਕਿ ਯੂਨੀਵਰਸਿਟੀ ਦੇ ਹਿੱਤਾਂ ਦੇ ਪ੍ਰਤੀਕੂਲ ਹੈ; ਜਾਂ

(ੲ) ਯੂਨੀਵਰਸਿਟੀ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਵਿੱਚ ਅਸਮਰੱਥ ਹੈ, ਤਾਂ ਚਾਂਸਲਰ ਇਸ ਤੱਥ ਦੇ ਹੁੰਦਿਆਂ ਹੋਇਆਂ ਵੀ ਕਿ ਉਸ ਅਧਿਕਾਰੀ ਦੀ ਅਉਧ ਅਜੇ ਪੂਰੀ ਨਹੀਂ ਹੋਈ, ਲਿਖਤੀ ਹੁਕਮਾਂ ਦੁਆਰਾ ਕਾਰਨ ਦੱਸਦੇ ਹੋਏ ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਨੂੰ ਉਸ ਤਰੀਕ ਤੋਂ ਜਿਵੇਂ ਕਿ ਹੁਕਮਾਂ ਵਿੱਚ ਉਲਿਖਤ ਕੀਤੀ ਗਈ ਹੋਵੇ, ਉਸ ਤੋਂ ਆਪਣਾ ਅਹੁਦਾ ਛੱਡਣ ਦੀ ਲੋੜਨਾ ਕਰ ਸਕਦਾ ਹੈ। ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਵੱਲੋਂ ਉਸ ਉਲਿਖਤ ਕੀਤੀ ਗਈ ਤਰੀਕ ਤੋਂ ਆਪਣਾ ਅਹੁਦਾ ਛੱਡਿਆ ਗਿਆ ਸਮਝਿਆ ਜਾਵੇਗਾ:

ਪਰੰਤੂ ਅਜਿਹਾ ਕੋਈ ਵੀ ਹੁਕਮ ਉਦੋਂ ਤੱਕ ਪਾਸ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਅਜਿਹੀ ਕਾਰਵਾਈ ਤਜਵੀਜ਼ਤ ਕਰਨ ਦੇ ਆਧਾਰਾਂ ਬਾਰੇ ਵਾਈਸ-ਚਾਂਸਲਰ ਨੂੰ ਜਾਂ ਅਧਿਕਾਰੀ ਨੂੰ ਸੂਚਿਤ ਨਹੀਂ ਕੀਤਾ ਜਾਂਦਾ ਅਤੇ ਉਸ ਨੂੰ ਉਸ ਤੇ ਸੁਣਵਾਈ ਦਾ ਵਾਜਬ ਮੌਕਾ ਨਹੀਂ ਦੇ ਦਿੱਤਾ ਜਾਂਦਾ।

ਵਾਈਸ-ਚਾਂਸਲਰ।

10. (1) ਵਾਈਸ-ਚਾਂਸਲਰ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ।

(2) ਕਿਸੇ ਵੀ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਕਾਬਲੀਅਤਾਂ ਨਾ ਹੋਣ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੀਆਂ ਗਈਆਂ ਹੋਣ।

(3) ਵਾਈਸ-ਚਾਂਸਲਰ ਸਮੁੱਚੇ ਰੂਪ ਵਿੱਚ ਯੂਨੀਵਰਸਿਟੀ ਦਾ ਇੰਚਾਰਜ ਹੋਵੇਗਾ ਜੋ ਕਿ ਯੂਨੀਵਰਸਿਟੀ ਦੇ ਮਾਮਲਿਆਂ ਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਲਾਗੂ ਕਰੇਗਾ।

(4) ਵਿਜ਼ਿਟਰ ਅਤੇ ਚਾਂਸਲਰ ਦੇ ਗੈਰ-ਹਾਜ਼ਰੀ ਦੀ ਸੂਰਤ ਵਿੱਚ ਵਾਈਸ-ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) ਵਾਈਸ-ਚਾਂਸਲਰ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਾਜਕਾਰਾਂ ਨੂੰ ਨਿਭਾਏਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

ਰਜਿਸਟਰਾਰ।

11. (1) ਰਜਿਸਟਰਾਰ, ਚਾਂਸਲਰ ਦੁਆਰਾ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਨਿਯੁਕਤ ਕੀਤਾ ਜਾਵੇਗਾ।

(2) ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਕਾਬਲੀਅਤਾਂ ਨਾ ਹੋਣ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੀਆਂ ਗਈਆਂ ਹੋਣ।

(3) ਰਜਿਸਟਰਾਰ ਯੂਨੀਵਰਸਿਟੀ ਲਈ ਅਤੇ ਉਸਦੇ ਨਮਿੱਤ ਸਾਰੇ ਮੁਆਇਦਿਆਂ ਤੇ ਦਸਖ਼ਤ ਕਰੇਗਾ ਅਤੇ ਸਾਰੇ ਦਸਤਾਵੇਜਾਂ ਜਾਂ ਰਿਕਾਰਡ ਨੂੰ ਤਸਦੀਕ ਕਰੇਗਾ।

(4) ਰਜਿਸਟਰਾਰ ਸ਼ਾਸਕ ਬੌਡੀ, ਪ੍ਰਬੰਧਕੀ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਮੈਂਬਰ-ਸਕੱਤਰ ਹੋਵੇਗਾ, ਪਰੰਤੂ ਉਸ ਕੋਲ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(5) ਰਜਿਸਟਰਾਰ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਹੋਰ ਕਾਜਕਾਰ ਨਿਭਾਏਗਾ।

ਮੁੱਖ ਵਿੱਤ ਅਤੇ ਲੇਖਾ ਅਧਿਕਾਰੀ।

12. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਚਾਂਸਲਰ ਦੁਆਰਾ ਅਜਿਹੇ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਕੋਈ ਵੀ ਵਿਅਕਤੀ ਉਦੋਂ ਤੱਕ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੇ ਤੌਰ ਤੇ ਨਿਯੁਕਤੀ ਲਈ ਯੋਗ ਨਹੀਂ ਹੋਵੇਗਾ ਜਦੋਂ ਤੱਕ ਉਸ ਨੇ ਭਾਰਤੀ ਚਾਰਟਰਡ ਲੇਖਾਕਾਰ ਸੰਸਥਾ ਦੁਆਰਾ ਲਿਆ ਗਿਆ ਚਾਰਟਰਡ ਲੇਖਾਕਾਰੀ ਟੈਸਟ ਪਾਸ ਨਾ ਕੀਤਾ ਹੋਵੇ।

(3) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਅਜਿਹੇ ਕਾਜਕਾਰ ਨਿਭਾਏਗਾ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ, ਜਿਵੇਂ ਮੁਕੱਰਰ ਕੀਤੀਆਂ ਜਾਣ।

ਹੋਰ ਅਧਿਕਾਰੀ।

13. (1) ਯੂਨੀਵਰਸਿਟੀ ਉਸ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਲਈ ਜਿਵੇਂ ਜ਼ਰੂਰੀ ਸਮਝਦੀ ਹੋਵੇ, ਅਜਿਹੇ ਹੋਰ ਅਧਿਕਾਰੀ ਨਿਯੁਕਤ ਕਰ ਸਕਦੀ ਹੈ।

(2) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀਆਂ ਨੂੰ ਨਿਯੁਕਤ ਕਰਨ ਦਾ ਤਰੀਕਾ ਅਤੇ ਉਹਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾ ਸਕਦੇ ਹੋਣ।

ਯੂਨੀਵਰਸਿਟੀ ਦੀਆਂ ਅਥਾਰਟੀਆਂ।

14. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:-

(ੳ) ਸ਼ਾਸ਼ਕ ਬੌਡੀ;

(ਅ) ਪ੍ਰਬੰਧ-ਬੋਰਡ;

(ੲ) ਅਕਾਦਮਿਕ ਕੌਂਸਲ; ਅਤੇ

(ਸ) ਅਜਿਹੀਆਂ ਹੋਰ ਅਥਾਰਟੀਆਂ, ਜਿਵੇਂ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਗਈਆਂ ਹੋਣ।

ਸ਼ਾਸਕ ਬੌਡੀ। 15. (1) ਯੂਨੀਵਰਸਿਟੀ ਦੀ ਸ਼ਾਸਕ ਬੌਡੀ ਹੇਠ-ਲਿਖੇ ਵਿਅਕਤੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (ੳ) | ਚਾਂਸਲਰ; | : ਚੇਅਰਮੈਨ |
| (ਅ) | ਵਾਈਸ-ਚਾਂਸਲਰ; | : ਮੈਂਬਰ |
| (ੲ) | ਸੋਸਾਇਟੀ ਵੱਲੋਂ ਨਾਮਜ਼ਦ ਕੀਤੇ ਤਿੰਨ ਵਿਅਕਤੀ, ਜਿਨ੍ਹਾਂ ਵਿੱਚੋਂ ਦੋ ਉੱਘੇ ਸਿੱਖਿਆ-ਸ਼ਾਸ਼ਤਰੀ ਹੋਣਗੇ; | : ਮੈਂਬਰ |
| (ਸ) | ਪ੍ਰਬੰਧਨ ਜਾਂ ਸੂਚਨਾ ਤਕਨਾਲੋਜੀ ਦਾ ਇੱਕ ਮਾਹਿਰ ਵਿਅਕਤੀ; | : ਮੈਂਬਰ |
| (ਹ) | ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਵਿੱਤੀ ਮਾਹਿਰ; | : ਮੈਂਬਰ |
| (ਕ) | ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਜਾਂ ਉਸ ਦਾ ਪ੍ਰਤੀਨਿਧ ਜੋ ਕਿ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਥੱਲੇ ਦਾ ਨਾ ਹੋਵੇ; ਅਤੇ | : ਮੈਂਬਰ |
| (ਖ) | ਚਾਂਸਲਰ ਨਾਲ ਮਸ਼ਵਰਾ ਕਰਕੇ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਸਿੱਖਿਆ-ਸ਼ਾਸ਼ਤਰੀ। | : ਮੈਂਬਰ |

(2) ਸ਼ਾਸਕ ਬੌਡੀ ਯੂਨੀਵਰਸਿਟੀ ਦੀ ਸਰਵ-ਉੱਚ ਬੌਡੀ ਹੋਵੇਗੀ। ਇਹ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਅਨੁਸਾਰ ਯੂਨੀਵਰਸਿਟੀ ਦੇ ਕਾਜਕਾਰਾਂ ਨੂੰ ਕੰਟਰੋਲ ਕਰਨ ਲਈ ਨਿਰਦੇਸ਼ ਦੇਣੇ ਅਤੇ ਆਮ ਨਿਗਰਾਨੀ ਪ੍ਰਦਾਨ ਕਰਨਾ;

(ਅ) ਯੂਨੀਵਰਸਿਟੀ ਦੀਆਂ ਹੋਰ ਅਥਾਰਟੀਆਂ ਦੇ ਫ਼ੈਸਲਿਆਂ ਦੀ ਨਜ਼ਰਸਾਨੀ ਕਰਨੀ ਜੇਕਰ ਉਹ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਾ ਹੋਣ;

(ੲ) ਯੂਨੀਵਰਸਿਟੀ ਦੀ ਸਲਾਨਾ ਰਿਪੋਰਟ ਅਤੇ ਬਜਟ ਨੂੰ ਪ੍ਰਵਾਨ ਕਰਨਾ;

(ਸ) ਯੂਨੀਵਰਸਿਟੀ ਦੁਆਰਾ ਅਪਣਾਈਆਂ ਜਾਣ ਵਾਲੀਆਂ ਵਿਸਤਰਿਤ ਨੀਤੀਆਂ ਨੂੰ ਨਿਯਤ ਕਰਨਾ;

(ਹ) ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤੀਆਂ ਗਈਆਂ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨੀ।

(3) ਸ਼ਾਸਕ ਬੌਡੀ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗੀ।

(4) ਸ਼ਾਸਕ ਬੌਡੀ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

16. (1) ਪ੍ਰਬੰਧ-ਬੋਰਡ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:- ਪ੍ਰਬੰਧ-ਬੋਰਡ।

| | | |
|---|---|---|
| (ੳ) | ਚਾਂਸਲਰ ਜਾਂ ਉਸ ਦਾ ਨਾਮਜ਼ਦ; | : ਚੇਅਰਪਰਸਨ |
| (ਅ) | ਵਾਈਸ-ਚਾਂਸਲਰ | : ਮੈਂਬਰ |
| (ੲ) | ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ, ਸੋਸਾਇਟੀ ਦੇ ਦੋ ਮੈਂਬਰ; | : ਮੈਂਬਰ |
| (ਸ) | ਰਾਜ ਸਰਕਾਰ ਦੇ ਪ੍ਰਤੀਨਿਧ ਵਜੋਂ ਸਿੱਖਿਆ ਨਾਲ ਸਬੰਧਤ ਡਾਇਰੈਕਟੋਰੇਟ ਦਾ ਡਾਇਰੈਕਟਰ; | : ਮੈਂਬਰ |
| (ਹ) | ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਵਿਅਕਤੀ ਜੋ ਸੋਸਾਇਟੀ ਦੇ ਮੈਂਬਰ ਨਹੀਂ ਹਨ; | : ਮੈਂਬਰ |
| (ਕ) | ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ, ਅਧਿਆਪਕਾਂ ਵਿੱਚੋਂ ਦੋ ਵਿਅਕਤੀ; ਅਤੇ | : ਮੈਂਬਰ |
| (ਖ) | ਚਾਂਸਲਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਅਧਿਆਪਕ। | : ਮੈਂਬਰ |

(2) ਪ੍ਰਬੰਧ-ਬੋਰਡ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਪ੍ਰਬੰਧ-ਬੋਰਡ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗਾ।

(4) ਪ੍ਰਬੰਧ-ਬੋਰਡ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

17. (1) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:- ਅਕਾਦਮਿਕ ਕੌਂਸਲ।

| | | | |
|---|---|---|---|
| (ੳ) | ਵਾਈਸ-ਚਾਂਸਲਰ; | : | ਚੇਅਰਪਰਸਨ |
| (ਅ) | ਰਾਜ ਸਰਕਾਰ ਦੁਆਰਾ ਉਸ ਦੇ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਅਕਾਦਮਿਕ ਵਿਅਕਤੀ; ਅਤੇ | : | ਮੈਂਬਰ |
| (ੲ) | ਅਜਿਹੇ ਹੋਰ ਮੈਂਬਰ, ਜਿਵੇਂ ਮੁਕੱਰਰ ਕੀਤਾ ਜਾਵੇ। | : | ਮੈਂਬਰ |

(2) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਮੁੱਖ ਅਕਾਦਮਿਕ ਬੌਡੀ ਹੋਵੇਗੀ ਅਤੇ ਇਹ ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੀਆਂ ਅਕਾਦਮਿਕ ਨੀਤੀਆਂ ਵਿੱਚ ਤਾਲਮੇਲ ਕਰੇਗੀ ਅਤੇ ਉਨ੍ਹਾਂ ਤੇ ਆਮ ਨਿਗਰਾਨੀ ਰੱਖੇਗੀ।

(3) ਅਕਾਦਮਿਕ ਕੌਂਸਲ ਦੀ ਇਕੱਤਰਤਾ ਦਾ ਕੋਰਮ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਵਿੱਤ ਕਮੇਟੀ।

18. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | | |
|---|---|---|---|
| (i) | ਵਾਈਸ-ਚਾਂਸਲਰ; | : | ਚੇਅਰਪਰਸਨ |
| (ii) | ਡੀਨ, ਅਕਾਦਮਿਕ ਮਾਮਲੇ; | : | ਮੈਂਬਰ |
| (iii) | ਰਜਿਸਟਰਾਰ; | : | ਮੈਂਬਰ |
| (iv) | ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ ਦੋ ਵਿਅਕਤੀ, ਜਿਨ੍ਹਾਂ ਵਿੱਚੋਂ ਇੱਕ ਵਿੱਤੀ ਮਾਹਿਰ ਹੋਵੇਗਾ; ਅਤੇ | : | ਮੈਂਬਰ |
| (v) | ਮੁੱਖ ਵਿੱਤ ਅਤੇ ਲੇਖਾ ਅਧਿਕਾਰੀ। | : | ਮੈਂਬਰ-ਸਕੱਤਰ |

(2) ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ ਮੈਂਬਰ ਦੋ ਸਾਲ ਦੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ।

ਵਿੱਤ ਕਮੇਟੀ ਦੇ ਕਾਜਕਾਰ।

19. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਲੋੜੀਂਦੇ ਦਸਤਾਵੇਜ਼ਾਂ ਨਾਲ, ਯੂਨੀਵਰਸਿਟੀ ਦਾ ਸਲਾਨਾ ਬਜਟ ਤਿਆਰ ਕਰਵਾਏਗਾ ਅਤੇ ਉਸ ਨੂੰ ਪ੍ਰਵਾਨਗੀ ਲਈ ਵਿੱਤ ਕਮੇਟੀ ਨੂੰ ਪੇਸ਼ ਕਰੇਗਾ। ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਯੂਨੀਵਰਸਿਟੀ ਦੀ ਸਲਾਨਾ ਆਮਦਨ ਅਤੇ ਖਰਚਿਆਂ ਦੇ ਲੇਖੇ ਵੀ ਤਿਆਰ ਕਰਵਾਏਗਾ ਅਤੇ ਇਸ ਸਬੰਧੀ ਵਿੱਤ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਚਾਰਟਰਡ ਲੇਖਾਕਾਰ ਦੁਆਰਾ ਇਸ ਦਾ ਆਡਿਟ ਕਰਵਾਏਗਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਨੁਸਾਰ ਯੂਨੀਵਰਸਿਟੀ ਦੀ ਆਮਦਨ ਅਤੇ ਖਰਚਿਆਂ ਦੇ ਆਡਿਟ ਸਬੰਧੀ ਨੋਟ ਨਾਲ ਵਿੱਤ ਕਮੇਟੀ ਦੁਆਰਾ

ਪ੍ਰਵਾਨ ਕੀਤੇ ਗਏ ਬਜਟ ਨੂੰ ਚਾਂਸਲਰ ਦੀ ਪ੍ਰਵਾਨਗੀ ਲਈ ਉਸ ਅੱਗੇ ਪੇਸ਼ ਕੀਤਾ ਜਾਵੇਗਾ।

(3) ਵਿੱਤ ਕਮੇਟੀ ਯੂਨੀਵਰਸਿਟੀ ਦੇ ਵਿੱਤੀ ਮਾਮਲਿਆਂ ਤੇ ਚਾਂਸਲਰ ਨੂੰ ਸਲਾਹ ਦੇਵੇਗੀ।

ਹੋਰ ਅਥਾਰਟੀਆਂ।

20. ਧਾਰਾ 14 ਦੇ ਖੰਡ (iv) ਅਧੀਨ ਅਥਾਰਟੀਆਂ ਦੀ ਰਚਨਾ, ਗਠਨ, ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾਣ।

ਅਥਾਰਟੀ ਜਾਂ ਬੌਡੀ ਦੀ ਮੈਂਬਰਸ਼ਿੱਪ ਲਈ ਨਾਕਾਬਲੀਅਤਾਂ।

21. ਕੋਈ ਵਿਅਕਤੀ ਯੂਨੀਵਰਸਿਟੀ ਦੀ ਕਿਸੇ ਬੌਡੀ ਜਾਂ ਅਥਾਰਟੀਆਂ ਦਾ ਮੈਂਬਰ ਹੋਣ ਦੇ ਅਯੋਗ ਹੋ ਜਾਵੇਗਾ, ਜੇ ਉਹ,-

(i) ਵਿਗੜ-ਚਿਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ii) ਇੱਕ ਅਮੁੱਕਤ ਦਿਵਾਲੀਆ ਹੈ; ਜਾਂ

(iii) ਕਿਸੇ ਸਦਾਚਾਰਕ ਗਿਰਾਵਟ ਵਿੱਚ ਪਲਚੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ; ਜਾਂ

(iv) ਕਿਸੇ ਵੀ ਰੂਪ ਵਿੱਚ ਕਿਸੇ ਪ੍ਰੀਖਿਆ ਦਾ ਸੰਚਾਲਣ ਕਰਨ ਵਿੱਚ ਕਿਸੇ ਅਣਉਚਿਤ ਆਚਰਣ ਨਾਲ ਖਚਿਤ ਹੋਣ ਕਰਕੇ ਜਾਂ ਉਸ ਨੂੰ ਵਧਾਵਾ ਦੇਣ ਕਾਰਨ ਸਜ਼ਾ-ਯਾਫ਼ਤਾ ਹੋ ਗਿਆ ਹੈ।

ਖਾਲੀ ਥਾਵਾਂ ਕਾਰਨ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨ ਹੋਣਾ।

22. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦੁਆਰਾ ਕੀਤਾ ਗਿਆ ਕੋਈ ਕਾਰਜ, ਜਾਂ ਕਾਰਵਾਈਆਂ ਸਿਰਫ਼ ਇਸ ਕਾਰਨ ਨਾਜਾਇਜ਼ ਨਹੀਂ ਹੋਣਗੀਆਂ ਕਿ,-

(ੳ) ਅਥਾਰਟੀ ਜਾਂ ਬੌਡੀ ਵਿੱਚ ਕੋਈ ਥਾਂ ਖ਼ਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

ਸੰਕਟਕਾਲੀ ਖ਼ਾਲੀ ਹੋਈਆਂ ਆਸਾਮੀਆਂ ਨੂੰ ਭਰਨਾ।

23. ਜੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਣ ਕਾਰਨ ਜਾਂ ਉਸ ਦੇ ਅਸਤੀਫ਼ੇ ਜਾਂ ਅਹੁਦੇ ਤੋਂ ਹਟਾਏ ਜਾਣ ਕਾਰਨ ਜਾਂ ਜਿਸ ਸਮਰੱਥਾ ਵਿੱਚ ਉਸ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ ਉਸ ਸਮਰੱਥਾ ਵਿੱਚ ਤਬਦੀਲੀ ਹੋ ਜਾਣ ਕਾਰਨ ਕੋਈ ਆਸਾਮੀ ਖ਼ਾਲੀ ਹੁੰਦੀ ਹੈ ਤਾਂ ਉਸ ਅਥਾਰਟੀ ਜਾਂ ਬੌਡੀ ਦੁਆਰਾ ਜਿਸ ਵੱਲੋਂ ਅਜਿਹੇ ਮੈਂਬਰ ਦੀ ਨਿਯੁਕਤੀ ਜਾਂ ਨਾਮਜ਼ਦਗੀ ਕੀਤੀ ਗਈ ਸੀ, ਜਿੰਨੀ ਛੇਤੀ ਸੰਭਵ ਹੋ ਸਕੇ ਉਸ ਆਸਾਮੀ ਨੂੰ ਭਰਿਆ ਜਾਵੇਗਾ:

ਪਰੰਤੂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੀ ਸੰਕਟਕਾਲੀ ਖ਼ਾਲੀ ਹੋਈ ਆਸਾਮੀ ਤੇ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਵਿਅਕਤੀ, ਮੈਂਬਰ ਦੀ ਬਾਕੀ ਰਹਿੰਦੀ ਮਿਆਦ ਲਈ ਹੀ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੇ ਅਹੁਦੇ ਤੇ ਬਣਿਆ ਰਹੇਗਾ, ਜਿਸ ਦੀ ਥਾਂ ਤੇ ਉਸ ਨੂੰ ਨਿਯੁਕਤ ਜਾਂ ਨਾਮਜ਼ਦ, ਜਿਹੀ ਕਿ ਸੂਰਤ ਹੋਵੇ, ਕੀਤਾ ਗਿਆ ਹੈ।

ਕਮੇਟੀਆਂ।

24. ਯੂਨੀਵਰਸਿਟੀ ਦੀਆਂ ਅਥਾਰਟੀਆਂ ਜਾਂ ਅਧਿਕਾਰੀ ਅਜਿਹੀਆਂ ਕਮੇਟੀਆਂ ਦਾ ਗਠਨ ਕਰ ਸਕਦੇ ਹਨ, ਜੋ ਅਜਿਹੀਆਂ ਕਮੇਟੀਆਂ ਦੁਆਰਾ ਵਿਸ਼ੇਸ਼ ਕੰਮ ਨੂੰ ਕਰਨ ਲਈ ਜ਼ਰੂਰੀ ਹੋ ਸਕਦੀਆਂ ਹਨ। ਅਜਿਹੀਆਂ ਕਮੇਟੀਆਂ ਦਾ ਗਠਨ ਅਤੇ ਕਰਤੱਵ ਅਜਿਹੇ ਹੋਣਗੇ, ਜਿਵੇ ਮੁਕੱਰਰ ਕੀਤੇ ਜਾ ਸਕਣ।

ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਲਈ ਵਿਸ਼ੇਸ਼ ਸਕੂਲ ਚਲਾਉਣਾ।

25. ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੋਸਾਇਟੀ 11ਵੀਂ ਅਤੇ 12ਵੀਂ ਜਮਾਤ ਦੇ ਘੱਟੋ-ਘੱਟ ਪੰਜਾਹ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਲਈ ਵਿਸ਼ੇਸ਼ ਸਕੂਲ ਚਲਾਏਗੀ, ਜਿਸ ਵਿੱਚ ਮੁਫ਼ਤ ਰਿਹਾਇਸ਼ ਅਤੇ ਮੁਫ਼ਤ ਖੁਰਾਕ ਦੀ ਸੁਵਿਧਾ ਸ਼ਾਮਲ ਹੋਵੇਗੀ। ਵਿਦਿਆਰਥੀਆਂ ਦਾ ਦਾਖਲਾ ਗੁਣ ਦੇ ਆਧਾਰ ਤੇ ਹੋਵੇਗਾ।

ਪ੍ਰਵਿਧਾਨ ਬਣਾਉਣ ਦੀ ਸ਼ਕਤੀ।

26. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਪ੍ਰਵਿਧਾਨ ਬਣਾ ਸਕੇਗੀ ਜਾਂ ਪ੍ਰਵਿਧਾਨਾਂ ਦੀ ਸੋਧ ਜਾਂ ਉਨ੍ਹਾਂ ਨੂੰ ਨਿਰਸਨ ਕਰ ਸਕੇਗੀ।

(2) ਬਣਾਏ ਗਏ ਪ੍ਰਵਿਧਾਨ ਲਈ ਜਾਂ ਉਨਾਂ ਵਿੱਚ ਕੀਤੀ ਗਈ ਕੋਈ ਸੋਧ ਜਾਂ ਨਿਰਸਨ ਸਬੰਧੀ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਦੀਆਂ ਅਥਾਰਟੀਆਂ ਅਤੇ ਹੋਰ ਬੌਡੀਆਂ, ਜੋ ਸਮੇਂ-ਸਮੇਂ ਤੇ ਗਠਤ ਕੀਤੀਆਂ ਗਈਆਂ ਹੋਣ, ਦੇ ਗਠਨ, ਸ਼ਕਤੀਆਂ ਅਤੇ ਕਾਜਕਾਰ;

(ii) ਵਾਈਸ-ਚਾਂਸਲਰ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਸ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iii) ਰਜਿਸਟਰਾਰ ਅਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iv) ਹੋਰ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(v) ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(vi) ਯੂਨੀਵਰਸਿਟੀ, ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਝਗੜੇ ਦੀ ਸੂਰਤ ਵਿੱਚ ਸਾਲਸੀ ਲਈ ਜ਼ਾਬਤਾ;

(vii) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(viii) ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਦੇਣੀ ਅਤੇ ਉਨ੍ਹਾਂ ਨੂੰ ਵਜ਼ੀਫ਼ਾ ਅਤੇ ਫੈਲੋਸ਼ਿਪ ਪ੍ਰਦਾਨ ਕਰਨਾ;

(ix) ਸੀਟਾਂ ਦੇ ਰਾਖਵੇਂਕਰਨ ਨੂੰ ਵਿਨਿਯਮਤ ਕਰਨ ਦੇ ਨਾਲ ਦਾਖ਼ਲੇ ਦੀ ਨੀਤੀ;

(x) ਵੱਖ-ਵੱਖ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ; ਅਤੇ

(xi) ਇਸ ਐਕਟ ਅਧੀਨ ਕਿਸੇ ਹੋਰ ਮਾਮਲੇ ਜਿਨ੍ਹਾਂ ਲਈ ਪ੍ਰਵਿਧਾਨ ਬਣਾਉਣੇ ਲੋੜੀਂਦੇ ਹੋਣ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ।

(5) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਪ੍ਰਵਿਧਾਨਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਪ੍ਰਵਿਧਾਨਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੋਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਪ੍ਰਵਿਧਾਨਾਂ ਤੇ ਆਪਣੀ ਸਹਿਮਤੀ ਨੂੰ ਸੰਸੂਚਤ ਕਰੇਗੀ, ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਪ੍ਰਵਿਧਾਨਾਂ ਨੂੰ ਅੰਤਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

27. (1) ਸ਼ਾਸਕ ਬੋਡੀ, ਸਮੇਂ-ਸਮੇਂ ਤੇ, ਆਰਡੀਨੈਂਸ ਬਣਾ ਸਕੇਗੀ, ਜਾਂ ਆਰਡੀਨੈਂਸਾਂ ਵਿੱਚ ਸੋਧ ਕਰ ਸਕੇਗੀ ਜਾਂ ਉਨਾਂ ਨੂੰ ਨਿਰਸਤ ਕਰ ਸਕੇਗੀ। ਆਰਡੀਨੈਂਸ ਬਣਾਉਣ ਦੀ ਸ਼ਕਤੀ।

(2) ਹਰੇਕ ਬਣਾਏ ਗਏ ਆਰਡੀਨੈਂਸ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਨੂੰ ਨਿਰਸਤ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਆਰਡੀਨੈਂਸ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਉਸ ਅਨੁਸਾਰ ਉਨਾਂ ਦੇ ਨਾਂ ਰਜਿਸਟਰ ਵਿੱਚ ਚੜ੍ਹਾਉਣਾ;

(ii) ਯੂਨੀਵਰਸਿਟੀ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਕੋਰਸ;

(iii) ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਅਤੇ ਹੋਰ ਅਕਾਦਮਿਕ ਉਪਾਧੀਆਂ ਸਬੰਧੀ;

(iv) ਯੂਨੀਵਰਸਿਟੀ ਦੇ ਵੱਖ-ਵੱਖ ਕੋਰਸਾਂ, ਪ੍ਰੀਖਿਆਵਾਂ, ਡਿਗਰੀਆਂ ਅਤੇ ਡਿਪਲੋਮਿਆਂ ਦੀਆਂ ਲਈਆਂ ਜਾਣ ਵਾਲੀਆਂ ਫ਼ੀਸਾਂ;

(v) ਫੈਲੋ-ਵਜ਼ੀਫੇ, ਵਜ਼ੀਫੇ, ਵਿਦਿਆਰਥੀ-ਵਜ਼ੀਫੇ, ਤਮਗੇ ਅਤੇ ਇਨਾਮ ਦੇਣ ਲਈ ਸ਼ਰਤਾਂ;

(vi) ਪਰੀਖਿਆਵਾਂ ਦਾ ਸੰਚਾਲਣ, ਜਿਸ ਵਿੱਚ ਪਰੀਖਿਆ ਲੈਣ ਵਾਲੀਆਂ ਬੌਡੀਆਂ, ਪਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੇ ਨਿਬੰਧਨ ਅਤੇ ਨਿਯੁਕਤੀ ਦਾ ਤਰੀਕਾ ਅਤੇ ਕਰਤੱਵਾਂ ਬਾਰੇ ਕੀਤੇ ਉਪਬੰਧ ਸ਼ਾਮਲ ਹਨ;

(vii) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਲਈ ਹੋਸਟਲ ਦੀਆਂ ਸਹੂਲਤਾਂ ਦੀਆਂ ਸ਼ਰਤਾਂ;

(viii) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨੀ;

(ix) ਯੂਨੀਵਰਸਿਟੀ ਦੇ ਅਕਾਦਮਿਕ ਮਿਆਰ ਨੂੰ ਸੁਧਾਰਨ ਲਈ ਜੋ ਜ਼ਰੂਰੀ ਸਮਝਿਆ ਜਾਂਦਾ ਹੈ, ਉਸ ਅਨੁਸਾਰ ਕਿਸੇ ਹੋਰ ਬੌਡੀ ਦੀ ਸਿਰਜਣਾ, ਰਚਨਾ ਅਤੇ ਕਾਜਕਾਰ ਲਈ ਉਪਬੰਧ ਕਰਨਾ;

(x) ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਅਤੇ ਸਹਿਯੋਗ ਦੇਣ ਦਾ ਤਰੀਕਾ; ਅਤੇ

(xi) ਇਸ ਐਕਟ ਜਾਂ ਇਸ ਅਧੀਨ ਬਣੇ ਪ੍ਰਵਿਧਾਨਾਂ ਅਨੁਸਾਰ ਕੋਈ ਹੋਰ ਮਾਮਲਾ ਜਿਨ੍ਹਾਂ ਲਈ ਆਰਡੀਨੈਂਸਾਂ ਦੁਆਰਾ ਉਪਬੰਧ ਕੀਤਾ ਜਾਣਾ ਲੋੜੀਂਦਾ ਹੋਵੇ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਆਰਡੀਨੈਂਸ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(5) ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਆਰਡੀਨੈਂਸਾਂ ਤੇ ਰਾਜ ਸਰਕਾਰ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਉਨ੍ਹਾਂ ਨੂੰ ਵਾਪਸ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਆਰਡੀਨੈਂਸਾਂ ਤੇ ਆਪਣੀ ਸਹਿਮਤੀ ਨੂੰ ਸੰਸੂਚਤ ਕਰੇਗੀ ਅਤੇ ਜੇ ਉਹ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਆਰਡੀਨੈਂਸਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਆਰਡੀਨੈਂਸਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

28. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਵਿਨਿਯਮ ਬਣਾ ਸਕੇਗੀ ਜਾਂ ਵਿਨਿਯਮਾਂ ਵਿੱਚ ਸੋਧ ਕਰ ਸਕੇਗੀ ਜਾਂ ਉਹਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਬਣਾਏ ਗਏ ਵਿਨਿਯਮ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਹਨਾਂ ਨੂੰ ਨਿਰਸਨ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਵਿਨਿਯਮ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(4) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਵਿਨਿਯਮਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਵਿਨਿਯਮਾਂ ਨੂੰ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(5) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਵਿਨਿਯਮਾਂ ਤੇ ਆਪਣੀ ਸਹਿਮਤੀ ਨੂੰ ਸੰਸੂਚਤ ਕਰੇਗੀ ਅਤੇ ਜੇ ਉਹ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(6) ਰਾਜ ਸਰਕਾਰ ਦੁਆਰਾ ਵਿਨਿਯਮਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਨ੍ਹਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(7) ਇਸ ਤਰ੍ਹਾਂ ਬਣਾਏ ਗਏ ਵਿਨਿਯਮਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਯੂਨੀਵਰਸਿਟੀ ਵੱਲੋਂ ਵਿਨਿਯਮਤ ਬੌਡੀਆਂ ਦੇ ਨਿਯਮਾਂ, ਵਿਨਿਯਮਾਂ ਆਦਿ ਦੀ ਪਾਲਣਾ ਕਰਨਾ।

29. (1) ਯੂਨੀਵਰਸਿਟੀ ਨੂੰ ਕੋਈ ਵੀ ਡਿਗਰੀਆਂ ਦੇਣ ਦੀ ਮਨਾਹੀ ਹੋਵੇਗੀ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਦੇ ਬਰਾਬਰ ਦੀ ਗਠਤ ਕੀਤੀ ਗਈ ਬੌਡੀ ਵੱਲੋਂ ਮਾਨਤਾ ਪ੍ਰਾਪਤ ਨਹੀਂ ਹੈ।

(2) ਯੂਨੀਵਰਸਿਟੀ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਨਿੱਜੀ ਯੂਨੀਵਰਸਿਟੀਆਂ ਵਿੱਚ ਮਿਆਰਾਂ ਦੀ ਸਥਾਪਨਾ ਅਤੇ ਸੰਭਾਲ) ਵਿਨਿਯਮ, 2003 ਅਨੁਸਾਰ ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਨਿੱਜੀ ਯੂਨੀਵਰਸਿਟੀਆਂ ਲਈ ਬਣਾਏ ਗਏ ਕਿਸੇ ਹੋਰ ਵਿਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

ਆਮ ਫ਼ੰਡ।

30. (1) ਯੂਨੀਵਰਸਿਟੀ ਦਾ ਇੱਕ ਆਮ ਫ਼ੰਡ ਹੋਵੇਗਾ, ਜਿਸ ਵਿੱਚ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ,-

(ੳ) ਯੂਨੀਵਰਸਿਟੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਫੀਸਾਂ ਅਤੇ ਹੋਰ ਚਾਰਜਿਜ਼;

(ਅ) ਯੂਨੀਵਰਸਿਟੀ ਦੁਆਰਾ ਮਸ਼ਵਰੇ ਤੋਂ ਅਤੇ ਆਪਣੇ ਜ਼ਿੰਮੇ ਲਏ ਗਏ ਹੋਰ ਕੰਮਾਂ ਤੋਂ ਪ੍ਰਾਪਤ ਕੀਤੀ ਗਈ ਕੋਈ ਆਮਦਨ; ਅਤੇ

(ੲ) ਕਿਸੇ ਸਰਕਾਰੀ ਅਤੇ ਗੈਰ-ਸਰਕਾਰੀ ਫ਼ੰਡ ਏਜੰਸੀਆਂ ਤੋਂ ਖੋਜ ਪ੍ਰੋਜੈਕਟਾਂ ਲਈ ਯੂਨੀਵਰਸਿਟੀ ਦੁਆਰਾ ਕਿਸੇ ਸਾਧਨ ਤੋਂ ਪ੍ਰਾਪਤ ਕੀਤੇ ਗਏ ਫ਼ੰਡ ਅਤੇ ਗ੍ਰਾਂਟਾਂ।

(2) ਆਮ ਫ਼ੰਡ ਦੀ ਹੇਠ-ਲਿਖੇ ਪ੍ਰਯੋਜਨਾਂ ਲਈ ਵਰਤੋਂ ਹੋਵੇਗੀ, ਅਰਥਾਤ:-

(ੳ) ਯੂਨੀਵਰਸਿਟੀ ਦੁਆਰਾ ਲਏ ਗਏ ਕਰਜ਼ਿਆਂ ਨੂੰ ਵਿਆਜ਼ ਦੇ ਚਾਰਜਿਜ਼ ਸਮੇਤ ਵਾਪਸ ਅਦਾਇਗੀ ਕਰਨ ਲਈ;

(ਅ) ਯੂਨੀਵਰਸਿਟੀ ਦੇ ਧਨਧਾਮ ਦੀ ਸੰਭਾਲ ਲਈ;

(ੲ) ਫ਼ੰਡ ਦੇ ਆਡਿਟ ਦੇ ਖ਼ਰਚੇ ਦੀ ਅਦਾਇਗੀ ਲਈ;

(ਸ) ਕਿਸੇ ਦਾਵਾ ਜਾਂ ਕਾਰਵਾਈਆਂ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ;

(ਹ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ ਲਈ ਅਤੇ ਅਜਿਹੇ ਕਿਸੇ ਅਧਿਕਾਰੀ ਅਤੇ ਕਰਮਚਾਰੀ ਨੂੰ ਕਿਸੇ ਫ਼ਾਇਦਿਆਂ ਦੀ ਅਦਾਇਗੀ ਕਰਨ ਲਈ;

(ਕ) ਯੂਨੀਵਰਸਿਟੀ ਦੀਆਂ ਅਥਾਰਟੀਆਂ, ਕਮੇਟੀ ਜਾਂ ਬੋਰਡ ਦੇ ਮੈਂਬਰਾਂ ਦੇ ਯਾਤਰਾ ਅਤੇ ਹੋਰ ਭੱਤਿਆਂ ਦੀ ਅਦਾਇਗੀ ਕਰਨ ਲਈ;

(ਖ) ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਵਿਦਿਆਰਥੀਆਂ ਜਾਂ ਸਹਿਯੋਗੀ ਖੋਜਕਾਰਾਂ ਜਾਂ ਸਿਖਿਆਰਥੀਆਂ, ਜਿਹੀ ਕਿ ਸੂਰਤ ਹੋਵੇ, ਜਾਂ ਅਜਿਹੇ ਐਵਾਰਡ ਪ੍ਰਾਪਤ ਕਰਨ ਲਈ ਕਿਸੇ ਪਾਤਰ ਵਿਦਿਆਰਥੀ ਨੂੰ ਫ਼ੈਲੋਸ਼ਿੱਪਾਂ, ਵਜ਼ੀਫ਼ੇ, ਸਹਾਇਤਾ ਅਤੇ ਹੋਰ ਐਵਾਰਡਾਂ ਦੀ ਅਦਾਇਗੀ ਕਰਨ ਲਈ;

(ਗ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਿਸੇ ਖਰਚੇ ਦੀ ਅਦਾਇਗੀ ਕਰਨ ਲਈ;

(ਘ) ਯੂਨੀਵਰਸਿਟੀ ਦੇ ਪ੍ਰਯੋਜਨ ਲਈ ਭੋਂ ਅਰਜਤ ਕਰਨ ਜਾਂ ਕਿਸੇ ਕਿਸਮ ਦੇ ਵਿਕਾਸ ਦੇ ਕੰਮ ਜਾਂ ਇਸ ਤਰ੍ਹਾਂ ਕਿਸੇ ਹੋਰ ਸਰਗਰਮੀਆਂ ਦੇ ਸਬੰਧ ਵਿੱਚ ਅਦਾਇਗੀ ਕਰਨ ਲਈ;

(ਙ) ਸੋਸਾਇਟੀ ਦੁਆਰਾ ਯੂਨੀਵਰਸਿਟੀ ਦੀ ਸਥਾਪਨਾ ਅਤੇ ਉਸ ਨੂੰ ਚਲਾਉਣ ਲਈ ਲਏ ਗਏ ਕਰਜ਼ਿਆਂ ਅਤੇ ਪੂੰਜੀ ਦੇ ਖਰਚੇ ਲਈ ਅਤੇ ਇਸ ਲਈ ਕੀਤੇ ਗਏ ਨਿਵੇਸ਼ਾਂ ਦੀ ਅਦਾਇਗੀ ਕਰਨ ਲਈ;

(ਚ) ਯੂਨੀਵਰਸਿਟੀ ਦੁਆਰਾ ਲਏ ਗਏ ਮਸ਼ਵਰੇ ਦੇ ਕੰਮ ਨਾਲ ਸਬੰਧਤ ਚਾਰਜਾਂ ਅਤੇ ਖਰਚਿਆਂ ਦੀ ਅਦਾਇਗੀ ਲਈ;

(ਛ) ਸੋਸਾਇਟੀ ਦੁਆਰਾ ਯੂਨੀਵਰਸਿਟੀ ਲਈ ਜਾਂ ਇਸ ਦੇ ਨਮਿੱਤ ਕਿਸੇ ਖਰਚੇ, ਤਨਖਾਹਾਂ, ਕਰਾਂ, ਦੇਣਦਾਰੀਆਂ ਦੀ ਅਦਾਇਗੀ ਕਰਨ ਲਈ।

31. ਯੂਨੀਵਰਸਿਟੀ ਦੀ ਆਮਦਨ ਅਤੇ ਖ਼ਰਚਿਆਂ ਦੇ ਲੇਖੇ ਯੂਨੀਵਰਸਿਟੀ ਦੇ ਚਾਰਟਰਡ ਲੇਖਾਕਾਰ ਦੁਆਰਾ ਆਡਿਟ ਕੀਤੇ ਜਾਣਗੇ ਅਤੇ ਉਹ ਖਾਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਵੱਲੋਂ ਸਾਲ ਵਿੱਚ ਇੱਕ ਵਾਰੀ ਪ੍ਰਸ਼ਾਸਕੀ ਬੌਡੀ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ। ਸਾਲਾਨਾ ਰਿਪੋਰਟ।

32. ਯੂਨੀਵਰਸਿਟੀ ਦੁਆਰਾ ਹਰੇਕ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਵਿੱਚ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਅਕਾਦਮਿਕ ਸਰਗਰਮੀਆਂ ਸਮੇਤ ਯੂਨੀਵਰਸਿਟੀ ਪ੍ਰੀਖਿਆਵਾਂ ਦੀ ਛਿਮਾਹੀ-ਦਰ-ਛਿਮਾਹੀ ਜਾਂ ਸਲਾਨਾ, ਜਿਹੀ ਕਿ ਸੂਰਤ ਹੋਵੇ, ਇੱਕ ਆਰਜ਼ੀ ਅਨੁਸੂਚੀ ਤਿਆਰ ਕਰੇਗੀ ਅਤੇ ਛਪਵਾਏਗੀ ਪਰੰਤੂ ਇਹ ਕੈਲੰਡਰ ਸਾਲ ਦੇ ਅਗਸਤ ਦੇ 30ਵੇਂ ਦਿਨ ਤੋਂ ਬਾਅਦ ਨਹੀਂ ਹੋਵੇਗੀ। ਪ੍ਰੀਖਿਆਵਾਂ।

ਵਿਆਖਿਆ:- 'ਪ੍ਰੀਖਿਆਵਾਂ ਦੀ ਅਨੁਸੂਚੀ', ਜਿਸ ਦਾ ਮਤਲਬ ਸਮਾਂ-ਸਾਰਣੀ ਤੋਂ ਹੈ ਜੋ ਵਿਵਹਾਰਕ ਪ੍ਰੀਖਿਆਵਾਂ ਦੇ ਵੇਰਵੇ ਅਤੇ ਜੁਬਾਨੀ ਪ੍ਰੀਖਿਆ, ਜੇ ਕੋਈ ਹੋਵੇ, ਉਸਦੇ ਹਰੇਕ ਪੇਪਰ ਦੇ ਸੁਰੂ ਹੋਣ ਦਾ ਸਮਾਂ, ਦਿਨ ਅਤੇ ਤਰੀਕ ਦਰਸਾਉਂਦੀ ਹੋਵੇ ਅਤੇ ਜੋ ਪ੍ਰੀਖਿਆਵਾਂ ਦੀ ਯੋਜਨਾ ਦਾ ਇੱਕ ਹਿੱਸਾ ਹੈ।

ਨਤੀਜਿਆਂ ਦਾ ਐਲਾਨ ਕਰਨਾ।

33. (1) ਯੂਨੀਵਰਸਿਟੀ ਉਸ ਦੁਆਰਾ ਹਰ ਵੱਖਰੀ ਕਿਸਮ ਦੇ ਵਿਸੇਸ਼ ਕੋਰਸ ਦੀਆਂ ਲਈਆਂ ਗਈਆਂ ਪ੍ਰੀਖਿਆਵਾਂ ਦੀ ਆਖਰੀ ਤਰੀਕ ਤੋਂ ਪੰਤਾਲੀ ਦਿਨ ਦੀ ਮੁੱਦਤ ਦੇ ਅੰਦਰ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕਰਨ ਦਾ ਯਤਨ ਕਰੇਗੀ, ਪ੍ਰੰਤੂ ਇਹ ਕਿਸੇ ਵੀ ਹਾਲਤ ਵਿੱਚ ਦਰਸਾਈ ਗਈ ਤਰੀਕ ਤੋਂ ਸੱਠ ਦਿਨਾਂ ਤੋਂ ਬਾਅਦ ਨਹੀਂ ਹੋਣਗੇ।

(2) ਕੋਈ ਪ੍ਰੀਖਿਆ ਜਾਂ ਕਿਸੇ ਵੀ ਪ੍ਰੀਖਿਆ ਦਾ ਨਤੀਜਾ ਸਿਰਫ਼ ਇਸ ਕਾਰਨ ਕਰਕੇ ਅਵੈਧ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਯੂਨੀਵਰਸਿਟੀ ਦੁਆਰਾ ਪ੍ਰੀਖਿਆਵਾਂ ਦੀ ਅਨੁਸੂਚੀ ਨੂੰ ਨਹੀਂ ਅਪਣਾਇਆ ਗਿਆ।

ਕਨਵੋਕੇਸ਼ਨ।

34. ਯੂਨੀਵਰਸਿਟੀ ਦੀ ਕਨਵੋਕੇਸ਼ਨ ਹਰ ਅਕਾਦਮਿਕ ਸਾਲ ਵਿੱਚ ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਜਾਂ ਕਿਸੇ ਹੋਰ ਅਕਾਦਮਿਕ ਉਪਾਧੀਆਂ ਦੇਣ ਲਈ ਜਾਂ ਕਿਸੇ ਹੋਰ ਪ੍ਰਯੋਜਨ ਲਈ ਅਜਿਹੇ ਤਰੀਕੇ ਅਨੁਸਾਰ ਕੀਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਸਬੰਧਤ ਅਥਾਰਟੀਆਂ ਅਤੇ ਬੌਡੀਆਂ ਦੇ ਝਗੜੇ।

35. ਜੇ ਕਿਸੇ ਵਿਅਕਤੀ ਦੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦਾ ਮੈਂਬਰ ਹੋਣ ਸਬੰਧੀ ਉਸਦੀ ਨਿਯੁਕਤੀ ਜਾਂ ਹੱਕ ਦੇ ਸਬੰਧ ਵਿੱਚ ਕੋਈ ਝਗੜਾ ਪੈਦਾ ਹੁੰਦਾ ਹੈ ਤਾਂ ਅਜਿਹਾ ਝਗੜਾ ਚਾਂਸਲਰ ਨੂੰ ਹਵਾਲਾ ਕੀਤਾ ਜਾਵੇਗਾ, ਜਿਸ ਤੇ ਉਸਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

36. ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ ਤਾਂ ਰਾਜ ਸਰਕਾਰ ਚਾਂਸਲਰ ਨਾਲ ਮਸ਼ਵਰਾ ਕਰਕੇ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ, ਅਤੇ ਜੋ ਉਸ ਨੂੰ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਪਿੱਛੋਂ ਇਸ ਧਾਰਾ ਅਧੀਨ ਕੋਈ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

37. ਇਸ ਐਕਟ ਜਾਂ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

38. ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੋਸਾਇਟੀ, ਫ਼ੰਡਾਂ ਦੀ ਉਪਲੱਬਧਤਾ ਹੋਣ ਦੇ ਤਾਬੇ, ਇਸ ਐਕਟ ਜਾਂ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨਾਂ ਲਈ, ਯੂਨੀਵਰਸਿਟੀ ਦੇ ਸਾਰੇ ਕਾਰਜ ਜਾਂ ਕਿਸੇ ਇੱਕ ਕਾਰਜ ਦਾ ਨਿਸਤਾਰਾ ਕਰ ਸਕਦੀ ਹੈ ਅਤੇ ਉਸ ਪ੍ਰਯੋਜਨ ਲਈ, ਜਦੋਂ ਤੱਕ ਅਜਿਹੀ ਅਥਾਰਟੀ ਹੋਂਦ ਵਿੱਚ ਨਹੀਂ ਆ ਜਾਂਦੀ ਜਾਂ ਕੋਈ ਅਜਿਹਾ ਅਧਿਕਾਰੀ ਨਿਯੁਕਤ ਨਹੀਂ ਹੋ ਜਾਂਦਾ, ਸੋਸਾਇਟੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦੀ ਹੈ ਅਤੇ ਅਜਿਹੇ ਕਰਤੱਵਾਂ ਨੂੰ ਨਿਭਾ ਸਕਦੀ ਹੈ ਜਿਹੜੇ ਇਸ ਐਕਟ ਜਾਂ ਅਜਿਹੇ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਦੁਆਰਾ ਨਿਭਾਏ ਜਾਣੇ ਹੁੰਦੇ ਹਨ। ਅੰਤਰਕਾਲੀ ਉਪਬੰਧ।

ਦੇਵਿੰਦਰ ਕੁਮਾਰ ਗੁਪਤਾ,
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3488/8-2025/Pb. Govt. Press, S.A.S. Nagar.*